| ਇਸ਼ਤਿਹਾਰ ਨੰ. |
|---|
| 09/2021 |

ਅਧੀਨ ਸੇਵਾਵਾਂ ਚੋਣ ਬੋਰਡ, ਪੰਜਾਬ
ਵਣ ਭਵਨ, ਸੈਕਟਰ-68, ਐਸ.ਏ.ਐਸ. ਨਗਰ
https://sssb.punjab.gov.in

## ਜਨਤਕ ਨਿਯੁਕਤੀਆਂ

ਮਹੱਤਵਪੂਰਨ ਮਿਤੀਆਂ:-

| | | |
|---|---|---|
| ਇਸ਼ਤਿਹਾਰ ਪ੍ਰਕਾਸ਼ਿਤ ਹੋਣ ਦੀ ਮਿਤੀ | : | **20/05/2021** |
| ਆਨਲਾਈਨ ਅਰਜੀਆਂ ਅਪਲਾਈ/ਸਬਮਿਟ ਕਰਨ ਦੀ ਸ਼ੁਰੂਆਤੀ ਮਿਤੀ | : | **21/05/2021** |
| ਆਨਲਾਈਨ ਅਰਜੀਆਂ ਅਪਲਾਈ/ਸਬਮਿਟ ਕਰਨ ਦੀ ਆਖਰੀ ਮਿਤੀ | : | **15/06/2021 (ਸ਼ਾਮ 05-00 ਵਜੇ ਤੱਕ)** |
| ਫੀਸ ਭਰਨ ਦੀ ਆਖਰੀ ਮਿਤੀ | : | **18/06/2021** |

## ਜਾਣ-ਪਹਿਚਾਣ

ਅਧੀਨ ਸੇਵਾਵਾਂ ਚੋਣ ਬੋਰਡ, ਪੰਜਾਬ ਦੀ ਸਥਾਪਨਾ ਭਾਰਤੀ ਸੰਵਿਧਾਨ ਦੀ ਧਾਰਾ 309 ਤਹਿਤ ਕੀਤੀ ਗਈ ਹੈ, ਜਿਸਦਾ ਮੁੱਖ ਮੰਤਵ ਪੰਜਾਬ ਸਰਕਾਰ ਦੇ ਅਦਾਰਿਆਂ ਵੱਲੋਂ ਪ੍ਰਾਪਤ ਹੋਏ ਮੰਗ ਪੱਤਰਾਂ ਅਨੁਸਾਰ ਪੰਜਾਬ ਸਰਕਾਰ ਦੇ ਅਦਾਰਿਆਂ ਵਿੱਚ ਗਰੁੱਪ-ਸੀ ਸੇਵਾਵਾਂ ਦੇ ਅਮਲੇ ਦੀ ਭਰਤੀ ਕਰਨਾ ਹੈ।

## ਵਿਸਤਾਰਪੂਰਵਕ ਸੂਚਨਾ

ਪੰਜਾਬ ਸਰਕਾਰ ਦੇ ਉਦਯੋਗ ਅਤੇ ਕਮਰਸ ਵਿਭਾਗ ਅਤੇ ਦਫਤਰ ਆਬਕਾਰੀ ਤੇ ਕਰ ਕਮਿਸ਼ਨਰ, ਪੰਜਾਬ, ਪਟਿਆਲਾ ਤੋਂ ਪ੍ਰਾਪਤ ਹੋਏ ਗਰੁੱਪ-ਸੀ ਦੇ ਮੰਗ ਪੱਤਰਾਂ, ਅਸਾਮੀਆਂ ਦਾ ਵਰਗੀਕਰਨ ਅਨੁਸਾਰ ਇਨ੍ਹਾਂ ਵਿਭਾਗਾਂ ਵਿੱਚ ਅਸਾਮੀਆਂ ਦੀ ਭਰਤੀ ਸਬੰਧੀ ਬੋਰਡ ਦੀ ਵੈਬਸਾਈਟ *https://sssb.punjab.gov.in* ਤੇ ਯੋਗ ਉਮੀਦਵਾਰਾਂ ਵੱਲੋਂ ਮਿਤੀ **21/05/2021** ਤੋਂ **15/06/2021** ਸ਼ਾਮ 05-00 ਵਜੇ ਤੱਕ ਆਨਲਾਈਨ ਅਰਜੀਆਂ ਦੀ ਮੰਗ ਕੀਤੀ ਜਾਂਦੀ ਹੈ। ਉਕਤ ਦੋਵੇਂ ਵਿਭਾਗਾਂ ਤੋਂ ਪ੍ਰਾਪਤ ਹੋਏ ਮੰਗ ਪੱਤਰਾਂ ਅਨੁਸਾਰ ਅਸਾਮੀਆਂ ਦੀ ਗਿਣਤੀ ਹੇਠ ਦਰਸਾਏ ਮੁਤਾਬਕ ਹੈ :-

| ਲੜੀ ਨੰ. | ਵਿਭਾਗ ਦਾ ਨਾਮ | ਅਸਾਮੀ ਦਾ ਨਾਮ | ਅਸਾਮੀਆਂ ਦੀ ਗਿਣਤੀ |
|---|---|---|---|
| 1. | ਉਦਯੋਗ ਅਤੇ ਕਮਰਸ ਵਿਭਾਗ, ਪੰਜਾਬ | ਉਚ ਉਦਯੋਗਿਕ ਉਨਤੀ ਅਫਸਰ | 56 |
| | | ਬਲਾਕ ਪੱਧਰ ਪ੍ਰਸਾਰ ਅਫਸਰ | 61 |
| 2. | ਦਫਤਰ ਆਬਕਾਰੀ ਤੇ ਕਰ ਕਮਿਸ਼ਨਰ, ਪੰਜਾਬ, ਪਟਿਆਲਾ | ਆਬਕਾਰੀ ਤੇ ਕਰ ਨਿਰੀਖਕ | 51 |
| | ਕੁੱਲ ਅਸਾਮੀਆਂ | | 168 |

2. ਅਸਾਮੀਆਂ ਲਈ ਅਪਲਾਈ ਕਰਨ ਸਬੰਧੀ ਉਮੀਦਵਾਰਾਂ ਦੀ ਵਿੱਦਿਅਕ ਯੋਗਤਾ (Educational Qualification) ਹੇਠ ਲਿਖੇ ਅਨੁਸਾਰ ਹੋਣੀ ਲਾਜ਼ਮੀ ਹੈ :-

| ਲੜੀ ਨੰ. | ਵਿਭਾਗ ਦਾ ਨਾਮ | ਅਸਾਮੀ ਦਾ ਨਾਮ | ਵਿੱਦਿਅਕ ਯੋਗਤਾ (Educational Qualitication)/ਤਕਨੀਕੀ ਯੋਗਤਾ (Technical Educational) |
|---|---|---|---|
| 1. | ਉਦਯੋਗ ਅਤੇ ਕਮਰਸ ਵਿਭਾਗ, ਪੰਜਾਬ | ਉਚ ਉਦਯੋਗਿਕ ਉਨੱਤੀ ਅਫਸਰ | (i) Graduation in any field from a recognized university or institute with minimum 50% marks in Qualifying exam. (ii) Should have passed Punjabi subject at the Matriculation Level. |
| | | ਬਲਾਕ ਪੱਧਰ ਪ੍ਰਸਾਰ ਅਫਸਰ | |
| 2. | ਦਫਤਰ | ਆਬਕਾਰੀ ਤੇ ਕਰ ਨਿਰੀਖਕ | (i) Should possess a degree of Bachelor |

| | | | |
|---|---|---|---|
| | ਆਬਕਾਰੀ ਤੇ ਕਰ ਕਮਿਸ਼ਨਰ, ਪੰਜਾਬ, ਪਟਿਆਲਾ | | in any discipline from a recognized University or institution or its equivalent; and<br>(ii) Should possess at least 120 hours course with working experience in the use of Personal Computers or Information Technology in Office Productivity Applications or Desktop Publishing Applications from a Government recognized Institution or reputed Institution which is ISO 9001 certified.<br>OR<br>Should have passed a Computer Information Technology Courses equivalent to 'O' level certificate of DOEACC of Government of India. |

ਨੋਟ:- (i) ਉਪਰ ਦਰਸਾਈਆਂ ਅਸਾਮੀਆਂ ਲਈ Punjab Civil Services (General and Common Conditions of Service) Rules, 1994, ਦੇ ਨਿਯਮ 17 ਤਹਿਤ ਦਸਵੀਂ ਪੱਧਰ ਦੇ ਪੰਜਾਬੀ ਜਾਂ ਇਸ ਦੇ ਬਰਾਬਰ ਦੀ ਯੋਗਤਾ ਪਾਸ ਕੀਤੀ ਹੋਣੀ ਲਾਜ਼ਮੀ ਹੈ। ਇਸ ਨਿਯਮ ਦੀ ਇਬਾਰਤ ਹੇਠ ਅਨੁਸਾਰ ਹੈ:-

*"**17.Knowledge of Punjabi Language-** No person shall be appointed to any post in any service by direct appointment unless he has passed Matriculation examination with Punjabi as one of the compulsory or elective subjects or any other equivalent examination in Punjabi language which may be specified by the Government from time to time."*

(ii) ਉਦਯੋਗ ਅਤੇ ਕਮਰਸ ਵਿਭਾਗ, ਪੰਜਾਬ ਵੱਲੋਂ ਪ੍ਰਾਪਤ ਹੋਏ ਵਿਭਾਗੀ ਨਿਯਮਾਂ ਅਨੁਸਾਰ ਇਸ ਵਿਭਾਗ ਵਿੱਚ ਉਕਤ ਅਸਾਮੀਆਂ ਤੇ ਨਿਯੁਕਤ ਹੋਏ ਉਮੀਦਵਾਰਾਂ ਨੂੰ ਸਲਾਨਾ ਤਰੱਕੀ ਤਾਂ ਹੀ ਮਿਲੇਗੀ, ਜੇਕਰ ਉਨ੍ਹਾਂ ਵੱਲੋਂ 'Departmental Examination' ਪਾਸ ਕੀਤਾ ਗਿਆ ਹੋਵੇਗਾ। ਇਸ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:-

Departmental examination:- A person appointed to the Service either by way of direct recruitment or otherwise shall have to pass the departmental examination and proficiency in computer skills within a period of one year from the date of his initial appointment in the accordance with the syllabi and guidelines as specified from time to time by the Government and to be conducted by the Director or any other authority empowered by the Government in this behalf in addition to fulfillment of the requisite qualifications and experience. However, till a member of Service passes the departmental examination, he shall not be entitled to his annual increments.

3. **ਅਸਾਮੀਆਂ ਦਾ ਵਰਗੀਕਰਨ ਹੇਠ ਲਿਖੇ ਅਨੁਸਾਰ ਹੈ:-**

| Sr. No. | Category | ਉਦਯੋਗ ਅਤੇ ਕਮਰਸ ਵਿਭਾਗ | | | | ਆਬਕਾਰੀ ਤੇ ਕਰ ਕਮਿਸ਼ਨਰ | |
|---|---|---|---|---|---|---|---|
| | | ਉਚ ਉਦਯੋਗਿਕ ਉਨਤੀ ਅਫਸਰ= 56 ਅਸਾਮੀਆਂ | | ਬਲਾਕ ਪੱਧਰ ਪ੍ਰਸਾਰ ਅਫਸਰ= 61 ਅਸਾਮੀਆਂ | | ਆਬਕਾਰੀ ਤੇ ਕਰ ਨਿਰੀਖਕ= 51 ਅਸਾਮੀਆਂ | |
| | | Total Number of Vacancies | **Out of Total Number of Vacancies mention in Column C,** Number of vacancies Reserved for women. | Total Number of Vacancies | **Out of Total Number of Vacancies mention in Column E,** Number of vacancies Reserved for women. | Total Number of Vacancies (including Backlog) | **Out of Total Number of Vacancies mention in Column G,** Number of vacancies Reserved for women. |
| A | B | C | D | E | F | G | H |
| 1. | General | 21 | 06 | 22 | 07 | 12 | 03 |
| 2. | Scheduled Caste (M&B) | 06 | 02 | 06 | 03 | 04 | 02 |
| 3. | Scheduled Caste (R&O) | 05 | 02 | 06 | 02 | 03 | 01 |
| 4. | Backward Class | 06 | 02 | 06 | 03 | 04 | 01 |
| 5. | Exserviceman (General) | 05 | 03 | 05 | 02 | 02+04(Backlog)=06 | 02 |
| 6. | Exserviceman (SC-M&B) | 01 | - | 02 | - | 01+02(Backlog)=03 | - |
| 7. | Exserviceman (SC-R&O) | 01 | - | 01 | - | 01+01(Backlog)=02 | - |
| 8. | Exserviceman (BC) | 01 | 01 | 02 | - | 03 (Backlog) | - |
| 9. | Sports (General) | 01 | - | - | - | 02 (Backlog) | - |
| 10. | Sports (SC-M&B) | 01 | - | 01 | - | 01 (Backlog) | - |
| 11. | Physical Handicapped (Ortho) | 01 | 01 | 01 | 01 | 01+01(Backlog)=02 | 01 |
| 12. | Physical Handicapped (Visually Imapired) | - | - | - | - | 02 (Backlog) | - |
| 13. | Physical Handicapped (Hearing Impaired) | - | - | 01 | - | - | - |
| 14. | Freedom Fighter | 01 | - | 01 | 01 | 01+02(Backlog)=03 | 01 |

| | | | | | | | |
|---|---|---|---|---|---|---|---|
| 15. | Economical Weaker Section | 06 | 01 | 07 | 01 | 04 | 01 |
| | **Total Number of Vacancies** | **56** | **18** | **61** | **20** | **51** | **12** |

ਨੋਟ: (i) ਉਕਤ ਅਸਾਮੀਆਂ ਦਾ ਕੈਟਾਗਰੀ ਵਾਈਜ਼ ਵਰਗੀਕਰਨ ਸਬੰਧਤ ਵਿਭਾਗ ਤੋਂ ਪ੍ਰਾਪਤ ਹੋਏ ਮੰਗ ਪੱਤਰ ਅਨੁਸਾਰ ਕੀਤਾ ਗਿਆ ਹੈ। ਜੋ ਕਿ ਭਵਿੱਖ ਵਿੱਚ ਸਬੰਧਤ ਵਿਭਾਗ/ਸਰਕਾਰ ਤੋਂ ਪ੍ਰਾਪਤ ਸੂਚਨਾ/ਫੈਸਲੇ ਦੇ ਸਨਮੁੱਖ ਤਬਦੀਲ ਵੀ ਕੀਤਾ ਜਾ ਸਕਦਾ ਹੈ।

(ii) ਭਵਿੱਖ ਵਿੱਚ ਸਬੰਧਤ ਵਿਭਾਗ/ਸਰਕਾਰ ਤੋਂ ਪ੍ਰਾਪਤ ਸੂਚਨਾ/ਫੈਸਲੇ ਦੇ ਸਨਮੁੱਖ ਇਹ ਅਸਾਮੀਆਂ ਘਟਾਈਆਂ/ਵਧਾਈਆਂ ਜਾਂ ਖਾਰਜ ਵੀ ਕੀਤੀਆਂ ਜਾ ਸਕਦੀਆਂ ਹਨ।

**4. ਅਸਾਮੀਆਂ ਨੂੰ ਅਪਲਾਈ ਅਤੇ Preference ਦੇਣ ਸਬੰਧੀ ਹਦਾਇਤਾਂ:-**

(i) ਉਮੀਦਵਾਰ ਸਿਰਫ ਉਨ੍ਹਾਂ ਅਸਾਮੀਆਂ ਲਈ ਹੀ ਅਪਲਾਈ ਕਰਨ/Preference ਦੇਣ ਜਿਨ੍ਹਾਂ ਅਸਾਮੀਆਂ ਲਈ ਉਹ ਯੋਗ ਹਨ। ਜੇਕਰ ਕਿਸੇ ਉਮੀਦਵਾਰ ਵੱਲੋਂ ਅਪਲਾਈ ਕੀਤੀ ਜਾਂ ਉਸ ਵੱਲੋਂ Preference ਦਿੱਤੀ ਗਈ ਅਸਾਮੀ ਸਬੰਧੀ ਵਿਦਿਅਕ ਯੋਗਤਾ/ਤਕਨੀਕੀ ਯੋਗਤਾ ਸਬੰਧੀ ਯੋਗ ਨਹੀਂ ਪਾਇਆ ਜਾਂਦਾ ਤਾਂ ਉਸ ਉਮੀਦਵਾਰ ਨੂੰ ਉਸ ਵੱਲੋਂ ਅਪਲਾਈ ਕੀਤੀ ਗਈ ਉਸ ਅਸਾਮੀ ਲਈ ਅਯੋਗ ਕਰਾਰ ਦਿੰਦੇ ਹੋਏ ਵਿਚਾਰਿਆ ਨਹੀਂ ਜਾਵੇਗਾ ਅਤੇ ਉਸ ਦੀ ਉਮੀਦਵਾਰਤਾ ਉਸ ਅਸਾਮੀ ਲਈ ਮੁੱਢ ਤੋਂ ਹੀ ਰੱਦ ਸਮਝੀ ਜਾਵੇਗੀ।

(ii) ਉਮੀਦਵਾਰਾਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਉਪਰ ਸਾਰਣੀ (ਅਸਾਮੀਆਂ ਦੀ ਵਰਗੀਕਰਨ) ਵਿੱਚ ਦਰਜ ਅਸਾਮੀਆਂ ਦੀ ਕੈਟਾਗਰੀਵਾਈਜ਼ ਵੰਡ ਅਨੁਸਾਰ ਹੀ Preference ਭਰੀ ਜਾਵੇ, Preference ਸਬੰਧਤ ਕੈਟਾਗਰੀ ਵਿੱਚ ਅਸਾਮੀ ਦੀ ਉਪਲਬਧਤਾ ਅਨੁਸਾਰ ਹੀ ਵਿਚਾਰੀ ਜਾਵੇਗੀ।

(iii) ਉਮੀਦਵਾਰਾਂ ਵੱਲੋਂ ਇੱਕ ਵਾਰ ਦਿੱਤੀ ਗਈ Preference ਨੂੰ ਕਿਸੇ ਵੀ ਸੂਰਤ ਵਿੱਚ ਬਦਲਿਆ ਨਹੀਂ ਜਾਵੇਗਾ।

(iv) ਉਮੀਦਵਾਰ ਦਾ ਮੈਰਿਟ ਅਤੇ Preference ਅਨੁਸਾਰ ਉਸ ਨੂੰ ਮਿਲੀ ਅਸਾਮੀ ਤੋਂ ਬਾਅਦ ਰਹਿੰਦੀਆਂ ਅਸਾਮੀਆਂ ਤੇ ਕੋਈ ਕਲੇਮ ਨਹੀਂ ਰਵੇਗਾ।

**5. ਸ਼੍ਰੇਣੀ ਕੋਡ (Category Codes):**

ਇਨ੍ਹਾਂ ਅਸਾਮੀਆਂ ਦੇ ਸ਼੍ਰੇਣੀ ਕੋਡ ਹੇਠ ਲਿਖੇ ਅਨੁਸਾਰ ਹਨ। ਉਮੀਦਵਾਰਾਂ ਵੱਲੋਂ ਅਪਲਾਈ ਕਰਨ ਸਮੇਂ ਸ਼੍ਰੇਣੀ ਕੋਡ ਨੂੰ ਧਿਆਨ ਵਿੱਚ ਰੱਖਦੇ ਹੋਏ ਅਪਲਾਈ ਕੀਤਾ ਜਾਵੇ।

| Sr. No. | Category | Code |
|---|---|---|
| 1. | General | 101 |
| 2. | EWS (Gen.) | 102 |
| 3. | S.C. (M & B) | 103 |
| 4. | S.C. (Ramdasia & others) | 104 |
| 5. | B.C. | 105 |
| 6. | ESM Gen. (Self) | 106 |
| 7. | ESM Gen. (Dependent) | 107 |
| 8. | ESM S.C (M & B) (Self) | 108 |
| 9. | ESM S.C (M & B) (Dependent) | 109 |
| 10. | ESM S.C (R & O) (Self) | 110 |
| 11. | ESM S.C (R & O) (Dependent) | 111 |
| 12. | ESM B.C (Self) | 112 |
| 13. | ESM B.C (Dependent) | 113 |
| 14. | Sports General | 114 |

| | | |
|---|---|---|
| 15. | Sports {SC (M&B)} | 115 |
| 16. | Sports {SC (R&O)} | 116 |
| 17. | Physical Handicapped (Ortho) | 117 |
| 18. | Physical Handicapped (VH) | 118 |
| 19. | Physical Handicapped (HH) | 119 |
| 20. | Freedom Fighter | 121 |

| | |
|---|---|
| General | - ਆਮ ਵਰਗ, |
| EWS (Gen.) | -ਆਰਥਿਕ ਤੌਰ ਤੇ ਕਮਜ਼ੋਰ ਵਰਗ (ਆਮ), |
| S.C. (M&B) | -ਅਨੁਸੂਚਿਤ ਜਾਤੀ (ਮਜ਼ਬੀ ਤੇ ਬਾਲਮਿਕੀ), |
| S.C. (R&O) | - ਅਨੁਸੂਚਿਤ ਜਾਤੀ (ਰਾਮਦਾਸੀਆ ਤੇ ਹੋਰ), |
| B.C. | -ਪੱਛੜੀ ਸ਼੍ਰੇਣੀ, |
| ESM Gen. (Self) | - ਸਾਬਕਾ ਫੌਜੀ-ਆਮ ਵਰਗ (ਖੁਦ), |
| ESM Gen. (Dependent) | -ਸਾਬਕਾ ਫੌਜੀ-ਆਮ ਵਰਗ (ਆਸ਼ਰਿਤ), |
| ESM {S.C(M&B)}(Self) | -ਸਾਬਕਾ ਫੌਜੀ {ਅਨੁਸੂਚਿਤ ਜਾਤੀ (ਮਜ਼ਬੀ ਤੇ ਬਾਲਮਿਕੀ)}(ਖੁਦ), |
| ESM {S.C(M&B)}(Dependent) | -ਸਾਬਕਾ ਫੌਜੀ {ਅਨੁਸੂਚਿਤ ਜਾਤੀ (ਮਜ਼ਬੀ ਤੇ ਬਾਲਮਿਕੀ)}(ਆਸ਼ਰਿਤ), |
| ESM {S.C(R&O)}(Self) | -ਸਾਬਕਾ ਫੌਜੀ {ਅਨੁਸੂਚਿਤ ਜਾਤੀ (ਰਾਮਦਾਸੀਆ ਤੇ ਹੋਰ)}(ਖੁਦ), |
| ESM {S.C(R&O)}(Dependent) | -ਸਾਬਕਾ ਫੌਜੀ {ਅਨੁਸੂਚਿਤ ਜਾਤੀ (ਰਾਮਦਾਸੀਆ ਤੇ ਹੋਰ)}(ਆਸ਼ਰਿਤ), |
| ESM B.C (Self) | -ਸਾਬਕਾ ਫੌਜੀ (ਪੱਛੜੀ ਸ਼੍ਰੇਣੀ) (ਖੁਦ), |
| ESM B.C (Dependent) | -ਸਾਬਕਾ ਫੌਜੀ (ਪੱਛੜੀ ਸ਼੍ਰੇਣੀ) (ਆਸ਼ਰਿਤ), |
| Sports General | -ਖਿਡਾਰੀ ਆਮ ਵਰਗ, |
| Sports {SC(M&B)} | -ਖਿਡਾਰੀ {ਅਨੁਸੂਚਿਤ ਜਾਤੀ (ਮਜ਼ਬੀ ਤੇ ਬਾਲਮਿਕੀ)}, |
| Sports {SC(R&O)} | -ਖਿਡਾਰੀ {ਅਨੁਸੂਚਿਤ ਜਾਤੀ (ਰਾਮਦਾਸੀਆ ਤੇ ਹੋਰ)}, |
| Physical Handicapped (Ortho) | -ਦਿਵਿਆਂਗਜਨ (ਆਰਥੋ), |
| Physical Handicapped (VH) | -ਦਿਵਿਆਂਗਜਨ (ਨੇਤਰਹੀਣ/ਅੰਸ਼ਿਕ ਨੇਤਰਹੀਣ), |
| Physical Handicapped (HH) | -ਦਿਵਿਆਂਗਜਨ (ਗੂੰਗੇ ਤੇ ਬੋਲੇ), |
| Freedom Fighter | -ਸੁਤੰਤਰਤਾ ਸੰਗਰਾਮੀ। |

**6. ਰਾਖਵਾਂਕਰਨ/Reservation ਸਬੰਧੀ ਮਹੱਤਵਪੂਰਨ ਹਦਾਇਤਾਂ:**

(i) ਉਮੀਦਵਾਰ ਸ਼੍ਰੇਣੀ ਅਤੇ ਇਸਦੇ ਕੋਡ ਦਾ ਧਿਆਨ ਰੱਖਦੇ ਹੋਏ ਆਨਲਾਈਨ ਫਾਰਮ ਸੁਚੇਤ ਹੋ ਕੇ ਭਰਨ ਕਿਉਂਕਿ ਕਿਸ ਵੀ ਸਟੇਜ ਤੇ ਸ਼੍ਰੇਣੀ ਅਤੇ ਸ਼੍ਰੇਣੀ-ਕੋਡ ਤਬਦੀਲ ਨਹੀਂ ਕੀਤਾ ਜਾ ਸਕੇਗਾ।

(ii) ਸ਼੍ਰੇਣੀ ਕੋਡ ਉਕਤ ਦਰਸਾਈਆਂ ਅਸਾਮੀਆਂ ਦੇ ਅਨੁਸਾਰ ਹੀ ਭਰਿਆ ਜਾਵੇ। ਉਮੀਦਵਾਰ ਕਿਸੇ ਵੀ ਅਜਿਹੇ ਸ਼੍ਰੇਣੀ ਕੋਡ ਵਿਰੁੱਧ ਅਪਲਾਈ ਨਾ ਕਰਨ ਜਿਸ ਦੀ ਅਸਾਮੀ ਉਪਰ ਦਰਸਾਈ ਸਾਰਣੀ ਵਿੱਚ ਦਰਜ ਨਹੀਂ ਕੀਤੀ ਗਈ ।

(iii) ਰਾਖਵਾਂਕਰਨ ਦਾ ਲਾਭ ਕੇਵਲ ਪੰਜਾਬ ਦੇ ਵਸਨੀਕਾਂ ਨੂੰ ਹੀ ਮਿਲਣਯੋਗ ਹੋਵੇਗਾ, ਇਸ ਲਈ ਸ਼੍ਰੇਣੀ ਅਤੇ ਸ਼੍ਰੇਣੀ-ਕੋਡ ਭਰਨ ਸਮੇਂ ਉਮੀਦਵਾਰ ਇਸ ਗੱਲ ਦਾ ਧਿਆਨ ਰੱਖਣ। ਉਮੀਦਵਾਰ ਵੱਲੋਂ ਆਨਲਾਈਨ ਭਰੇ ਗਏ ਫਾਰਮ ਵਿੱਚ ਦਰਜ ਸ਼੍ਰੇਣੀ ਅਤੇ ਸ਼੍ਰੇਣੀ-ਕੋਡ ਦੇ ਆਧਾਰ ਤੇ ਹੀ ਉਸਦੀ ਪਾਤਰਤਾ ਨੂੰ ਵਿਚਾਰਿਆ ਜਾਵੇਗਾ।

(iv) ਰਾਖਵਾਂਕਰਨ ਦਾ ਲਾਭ ਲੈਣ ਲਈ ਉਮੀਦਵਾਰ ਪੰਜਾਬ ਦਾ ਵਸਨੀਕ ਹੋਣ ਦਾ ਤਾਜ਼ਾ ਜਾਰੀ ਹੋਇਆ ਸਰਟੀਫਿਕੇਟ (Domicile Certificate) ਪੇਸ਼ ਕਰੇਗਾ। ਇਹ ਸਰਟੀਫਿਕੇਟ ਕੌਂਸਲਿੰਗ ਦੌਰਾਨ ਪੇਸ਼ ਕਰਨ ਸਮੇਂ ਕਿਸੇ ਵੀ ਸਥਿਤੀ ਵਿੱਚ 5 ਸਾਲ ਤੋਂ ਪੁਰਾਣਾ ਨਹੀਂ ਹੋਣਾ ਚਾਹੀਦਾ।

(v) ਅਨੁਸੂਚਿਤ ਜਾਤੀ/ਪੱਛੜੀ ਸ਼੍ਰੇਣੀ/ਸਾਬਕਾ ਫੌਜੀ/ਆਰਥਿਕ ਤੌਰ ਤੇ ਕਮਜ਼ੋਰ ਵਰਗ ਦਾ ਸਰਟੀਫਿਕੇਟ ਪੰਜਾਬ ਸਰਕਾਰ ਦੀਆਂ ਪ੍ਰਚੱਲਿਤ ਹਦਾਇਤਾਂ ਅਨੁਸਾਰ ਹੋਣਾ ਲਾਜ਼ਮੀ ਹੈ।

(vi) ਉਮੀਦਵਾਰ ਕਾਊਂਸਲਿੰਗ ਸਮੇਂ ਅਤੇ ਹੋਰ ਕਿਸੇ ਵੀ ਸਟੇਜ ਤੇ ਬੋਰਡ ਦੀ ਮੰਗ ਅਨੁਸਾਰ ਆਪਣੀ ਸ਼੍ਰੇਣੀ ਨਾਲ ਸਬੰਧਤ ਹਰ ਤਰ੍ਹਾਂ ਦਾ ਪੁਖਤਾ (Valid) ਸਰਟੀਫਿਕੇਟ ਸਬੂਤ ਵੱਜੋਂ ਪੇਸ਼ ਕਰੇਗਾ। ਕਾਊਂਸਲਿੰਗ

ਸਮੇਂ ਕਿਸੇ ਵੀ ਲੋੜੀਂਦੇ ਦਸਤਾਵੇਜ ਦੀ ਅਣਹੋਂਦ ਵਿੱਚ ਉਮੀਦਵਾਰ ਨੂੰ ਉਪਰੋਕਤ ਅਸਾਮੀਆਂ ਲਈ ਨਹੀਂ ਵਿਚਾਰਿਆ ਜਾਵੇਗਾ ਅਤੇ ਮੈਰਿਟ ਲਿਸਟ ਵਿੱਚ ਮੌਜੂਦ ਅਗਲੇ ਯੋਗ ਉਮੀਦਵਾਰ ਨੂੰ ਵਿਚਾਰਦੇ ਹੋਏ ਉਸਦਾ ਨਾਮ ਸਬੰਧਤ ਵਿਭਾਗ ਨੂੰ ਸਿਫਾਰਸ਼ ਕਰ ਦਿੱਤਾ ਜਾਵੇਗਾ।

(vii) ਜੇਕਰ ਕੋਈ ਉਮੀਦਵਾਰ ਉਕਤ ਅਸਾਮੀਆਂ ਲਈ ਅਜਿਹੀ ਸ਼੍ਰੇਣੀ/ਸ਼੍ਰੇਣੀ ਕੋਡ ਦੇ ਵਿਰੁੱਧ ਅਪਲਾਈ ਕਰਦਾ ਹੈ, ਜਿਸਦੀ ਕੋਈ ਅਸਾਮੀ ਇਸ਼ਤਿਹਾਰ ਵਿੱਚ ਸ਼ਾਮਿਲ ਨਾ ਕੀਤੀ ਹੋਵੇ, ਉਸ ਸਥਿਤੀ ਵਿੱਚ ਅਜਿਹੇ ਪ੍ਰਾਰਥੀ ਦੀ ਪਾਤਰਤਾ ਮੁੱਢ ਤੋਂ ਹੀ ਰੱਦ ਮੰਨੀ ਜਾਵੇਗੀ।

**ਨੋਟ:-** (i) ESM Gen., ESM SC ਅਤੇ ESM BC ਦੀਆਂ ਅਸਾਮੀਆਂ ESM (Self) ਉਮੀਦਵਾਰਾਂ ਵਿੱਚੋਂ ਹੀ ਭਰੀਆਂ ਜਾਣਗੀਆਂ। ESM (Self) ਉਮੀਦਵਾਰ ਉਪਲੱਬਧ ਨਾ ਹੋਣ ਦੀ ਸਥਿਤੀ ਵਿੱਚ ਹੀ ਇਹ ਅਸਾਮੀਆਂ ESM (Dependent) ਉਮੀਦਵਾਰਾਂ ਵਿੱਚੋਂ ਭਰੀਆਂ ਜਾਣਗੀਆਂ।

(ii) ਪੰਜਾਬ ਸਰਕਾਰ, ਰੱਖਿਆ ਸੇਵਾਵਾਂ ਭਲਾਈ ਵਿਭਾਗ ਦੇ ਨੋਟੀਫਿਕੇਸ਼ਨ ਮਿਤੀ 08.05.2020 ਮੁਤਾਬਿਕ ਜੇਕਰ ਕਿਸੇ ਅਸਾਮੀ ਵਿਰੁੱਧ ਸਾਬਕਾ ਫੌਜੀ ਖੁਦ ਜਾਂ ਸਾਬਕਾ ਫੌਜੀ ਆਸ਼ਰਿਤ ਉਮੀਦਵਾਰ ਉਪਲੱਬਧ ਨਹੀਂ ਹੁੰਦਾ ਤਾਂ ਇਹ ਅਸਾਮੀ ਹੇਠ ਲਿਖੇ ਨਿਯਮ ਅਨੁਸਾਰ ਭਰੀ ਜਾਣੀ ਹੈ:-

In the Punjab Recruitment of Ex-Servicemen Rules, 1982, in rule 4, in sub-rule (1), for the existing third proviso, the following proviso shall be substituted, namely:-

*"Provided further that when an ex-serviceman is not available for the recruitment against a reserved vacancy and further no wife or dependent child of an Ex-serviceman is available for recruitment against a reserved vacancy, such a vacancy shall be reserved to be filled in by recruitment of the grand child of a Gallantry Award Winner, in case the benefit of reservation has not been availed for by any of the children or dependents of such winner or by the winner himself subject to the conditions specified in the second proviso."*

(iii) ਉਪਰੋਕਤ ਰਾਖਵਾਂਕਰਨ ਅਤੇ ਸ਼੍ਰੇਣੀ-ਵਾਈਜ਼ ਵਰਗੀਕਰਨ ਸਬੰਧਤ ਵਿਭਾਗ ਵੱਲੋਂ ਪ੍ਰਾਪਤ ਹੋਏ ਮੰਗ-ਪੱਤਰਾਂ ਵਿੱਚ ਦਰਸਾਏ ਵਰਗੀਕਰਨ ਅਨੁਸਾਰ ਹੀ ਹੈ। ਜੇਕਰ ਸਬੰਧਤ ਵਿਭਾਗ ਵੱਲੋਂ ਭਵਿੱਖ ਵਿੱਚ ਭਰਤੀ ਪ੍ਰਕਿਰਿਆ ਦੀ ਕਿਸੇ ਵੀ ਸਟੇਜ ਤੇ ਕਿਸੇ ਵੀ ਕਾਰਨ ਉਪਰੋਕਤ ਦਰਸਾਈਆਂ ਅਸਾਮੀਆਂ ਦੀ ਗਿਣਤੀ ਘਟਾਉਣ ਜਾਂ ਵਧਾਉਣ ਦਾ ਫੈਸਲਾ ਲਿਆ ਜਾਂਦਾ ਹੈ ਜਾਂ ਉਪਰੋਕਤ ਦਰਸਾਏ ਸ਼੍ਰੇਣੀਆਂ ਦੇ ਵਰਗੀਕਰਨ ਵਿੱਚ ਕਿਸੇ ਵੀ ਤਰ੍ਹਾਂ ਦੀ ਤਬਦੀਲੀ/ਸੋਧ ਕਰਨ ਦਾ ਫੈਸਲਾ ਲਿਆ ਜਾਂਦਾ ਹੈ ਤਾਂ ਬੋਰਡ ਦੁਆਰਾ ਇਸ ਸਬੰਧੀ Corrigendum/notice ਜਾਰੀ ਕਰਦੇ ਹੋਏ ਰਾਖਵਾਂਕਰਨ ਅਤੇ ਸ਼੍ਰੇਣੀ-ਵਾਈਜ਼ ਵਰਗੀਕਰਨ ਵਿੱਚ ਸੋਧ ਕੀਤੀ ਜਾ ਸਕਦੀ ਹੈ। ਅਜਿਹੀ ਹਰ ਤਰ੍ਹਾਂ ਦੀ ਸੋਧ ਸਮੂਹ ਉਮੀਦਵਾਰਾਂ ਤੇ ਲਾਗੂ ਹੋਵੇਗੀ ਅਤੇ ਹਰ ਉਮੀਦਵਾਰ ਇਸਦੀ ਪਾਲਣਾ ਕਰਨਾ ਯਕੀਨੀ ਬਣਾਏਗਾ।

**7. ਅਸਾਮੀਆਂ ਦਾ ਤਨਖਾਹ ਸਕੇਲ ਹੇਠ ਦਰਸਾਏ ਅਨੁਸਾਰ ਹੈ:-**

| ਲੜੀ ਨੰ. | ਵਿਭਾਗ ਦਾ ਨਾਮ | ਅਸਾਮੀ ਦਾ ਨਾਮ | ਤਨਖਾਹ ਸਕੇਲ |
|---|---|---|---|
| 1. | ਉਦਯੋਗ ਅਤੇ ਕਮਰਸ ਵਿਭਾਗ, ਪੰਜਾਬ | ਉਚ ਉਦਯੋਗਿਕ ਉਨੱਤੀ ਅਫਸਰ | 1. ਵਿਭਾਗ ਤੋਂ ਪ੍ਰਾਪਤ ਪੱਤਰ ਨੰ.landC-ADM10PCM12020/3084-B ਮਿਤੀ 04.12.2020 ਦੇ ਸਨਮੁੱਖ ਮੁੱਢਲਾ ਤਨਖਾਹ ਸਕੇਲ/ਪੇਅ ਮੈਟ੍ਰਿਕਸ 35400/-(Level 6) ਮਿਲਣਯੋਗ ਹੋਵੇਗਾ।<br>2. ਮੁੱਢਲੀ ਤਨਖਾਹ ਅਤੇ ਹੋਰ ਭੱਤਿਆ ਸਬੰਧੀ ਪੰਜਾਬ ਸਰਕਾਰ, ਵਿੱਤ ਵਿਭਾਗ (ਵਿੱਤ ਪ੍ਰਸੋਨਲ-1 ਸ਼ਾਖਾ) ਦਾ ਪੱਤਰ ਨੰ. 07/204/2012-4ਅਫ.ਪੀ.1/66 ਮਿਤੀ 15.01.2015 |
| | | ਬਲਾਕ ਪੱਧਰ ਪ੍ਰਸਾਰ ਅਫਸਰ | |

| | | | |
|---|---|---|---|
| | | | ਅਤੇ ਇਸ ਸਬੰਧੀ ਸਮੇਂ-ਸਮੇਂ ਤੇ ਜਾਰੀ ਹੋਈਆਂ ਹੋਰ ਹਦਾਇਤਾਂ ਲਾਗੂ ਹੋਣਗੀਆਂ। |
| 2. | ਦਫਤਰ ਆਬਕਾਰੀ ਤੇ ਕਰ ਕਮਿਸ਼ਨਰ, ਪੰਜਾਬ, ਪਟਿਆਲਾ | ਆਬਕਾਰੀ ਤੇ ਕਰ ਨਿਰੀਖਕ | 1. ਵਿਭਾਗ ਤੋਂ ਪ੍ਰਾਪਤ ਪੱਤਰ ਨੰ.ਨਗ-2-2020/6255 ਮਿਤੀ 24.12.2020 ਦੇ ਸਨਮੁੱਖ ਮੁੱਢਲਾ ਤਨਖਾਹ ਸਕੇਲ/ਪੇਅ ਮੈਟ੍ਰਿਕਸ 35400/- (Level 6) ਮਿਲਣਯੋਗ ਹੋਵੇਗਾ।<br>2. ਮੁੱਢਲੀ ਤਨਖਾਹ ਅਤੇ ਹੋਰ ਭੱਤਿਆ ਸਬੰਧੀ ਪੰਜਾਬ ਸਰਕਾਰ, ਵਿੱਤ ਵਿਭਾਗ (ਵਿੱਤ ਪ੍ਰਸੋਨਲ-1 ਸ਼ਾਖਾ) ਦਾ ਪੱਤਰ ਨੰ. 07/204/2012-4ਅਫ.ਪੀ.1/66 ਮਿਤੀ 15.01.2015 ਅਤੇ ਇਸ ਸਬੰਧੀ ਸਮੇਂ-ਸਮੇਂ ਤੇ ਜਾਰੀ ਹੋਈਆਂ ਹੋਰ ਹਦਾਇਤਾਂ ਲਾਗੂ ਹੋਣਗੀਆਂ। |

8. **<u>ਉਮਰ ਸੀਮਾਂ:-</u>**

ਉਪਰੋਕਤ ਅਸਾਮੀਆਂ ਲਈ ਉਮੀਦਵਾਰਾਂ ਦੀ ਉਮਰ ਸੀਮਾਂ ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਮਿਤੀ 01.01.2021 ਨੂੰ ਹੇਠ ਅਨੁਸਾਰ ਹੋਣੀ ਚਾਹੀਦੀ ਹੈ:-

(i) ਜਨਰਲ ਸ਼੍ਰੇਣੀ ਦੇ ਉਮੀਦਵਾਰ ਦੀ ਉਮਰ 18 ਸਾਲ ਤੋਂ ਘੱਟ ਅਤੇ 37 ਸਾਲ ਤੋਂ ਵੱਧ ਨਹੀਂ ਹੋਣੀ ਚਾਹੀਦੀ।

(ii) ਪੰਜਾਬ ਰਾਜ ਦੇ ਅਨੁਸੂਚਿਤ ਜਾਤੀ ਅਤੇ ਪੱਛੜੀ ਸ਼੍ਰੇਣੀ ਦੇ ਵਸਨੀਕ ਉਮੀਦਵਾਰਾਂ ਦੀ ਵੱਧ ਤੋਂ ਵੱਧ ਉਮਰ ਦੀ ਉਪਰਲੀ ਸੀਮਾਂ 42 ਸਾਲ ਹੋਵੇਗੀ।

(iii) ਰਾਜ ਅਤੇ ਕੇਂਦਰੀ ਸਰਕਾਰ ਦੇ ਕਰਮਚਾਰੀਆਂ ਲਈ ਉਮਰ ਦੀ ਉਪਰਲੀ ਸੀਮਾਂ ਵਿੱਚ ਛੋਟ ਦਿੰਦੇ ਹੋਏ ਵੱਧ ਤੋਂ ਵੱਧ ਉਮਰ ਸੀਮਾਂ 45 ਸਾਲ ਹੋਵੇਗੀ।

(iv) ਪੰਜਾਬ ਦੇ ਵਸਨੀਕ ਸਾਬਕਾ ਫੌਜੀਆਂ ਦੇ ਕੇਸ ਵਿੱਚ ਉਮਰ ਦੀ ਉਪਰਲੀ ਸੀਮਾਂ Punjab Recruitment of Ex-Servicemen Rules, 1982 ਵਿੱਚ ਸਮੇਂ-ਸਮੇਂ ਹੋਈਆਂ ਸੋਧਾਂ ਅਨੁਸਾਰ ਹੋਵੇਗੀ। ਇਹ ਉਮਰ ਦੀ ਉਪਰਲੀ ਸੀਮਾਂ ਉਨ੍ਹਾਂ ਦੀ ਫੌਜ ਵਿੱਚ ਕੀਤੀ ਸੇਵਾ ਦਾ ਸਮਾਂ ਉਨ੍ਹਾਂ ਦੀ ਉਮਰ ਵਿੱਚੋਂ ਘਟਾਉਣ ਤੋਂ ਬਾਅਦ ਬਾਕੀ ਬਚੀ ਉਮਰ, ਜੇਕਰ ਸੇਵਾ ਰੂਲਾਂ ਅਨੁਸਾਰ ਅਸਾਮੀ ਦੀ ਉਪਰਲੀ ਸੀਮਾ ਤੋਂ 3 ਸਾਲ ਤੋਂ ਵੱਧ ਨਹੀਂ ਹੋਵੇਗੀ ਤਾਂ ਮੰਨਿਆ ਜਾਵੇਗਾ ਕਿ ਉਹ ਉਮਰ ਦੀ ਉਪਰਲੀ ਸੀਮਾਂ ਦੀਆਂ ਸ਼ਰਤਾਂ ਪੂਰੀਆਂ ਕਰਦਾ ਹੈ।

(v) ਪੰਜਾਬ ਦੇ ਵਸਨੀਕ ਦਿਵਿਆਂਗ ਉਮੀਦਵਾਰਾਂ ਲਈ ਉਮਰ ਦੀ ਉਪਰਲੀ ਸੀਮਾਂ ਵਿੱਚ 10 ਸਾਲ ਦੀ ਛੋਟ ਦਿੰਦੇ ਹੋਏ ਵੱਧ ਤੋਂ ਵੱਧ ਉਮਰ ਸੀਮਾਂ 47 ਸਾਲ ਹੋਵੇਗੀ।

(vi) The upper age limit for widows, divorcees and certain other categories of married women as per instructions issued by the Government of Punjab vide letter No. 1/50/83-5PP(1368)/3454 dated 23.04.1984 will be relaxed up to 40 years.

(vii) ਪੰਜਾਬ ਸਰਕਾਰ ਦੇ ਪੱਤਰ ਨੰ. 9/56/2020-5ਪੀ.ਪੀ.1/33 ਮਿਤੀ 12.01.2021 ਰਾਹੀਂ ਪੰਜਾਬ ਸਰਕਾਰ ਅਧੀਨ ਠੇਕੇ ਦੇ ਅਧਾਰ ਤੇ ਕੰਮ ਕਰ ਰਹੇ ਵੱਖ-ਵੱਖ ਕੈਟਾਗਰੀਆਂ ਦੇ ਕਰਮਚਾਰੀਆਂ ਨੂੰ ਇਸ ਪੱਤਰ ਵਿੱਚ ਦਰਜ ਸ਼ਰਤਾਂ ਪੂਰੀਆਂ ਕਰਨ ਦੀ ਸੂਰਤ ਵਿੱਚ ਹੀ ਇਸ ਭਰਤੀ ਲਈ ਦਿੱਤੀ ਗਈ ਉਮਰ ਦੀ ਉਪਰਲੀ ਸੀਮਾਂ ਵਿੱਚ ਬਣਦੀ ਛੋਟ ਦਾ ਲਾਭ ਮਿਲੇਗਾ।

ਨੋਟ:- **ਰਾਜ ਅਤੇ ਕੇਂਦਰੀ ਸਰਕਾਰ ਦੇ ਕਰਮਚਾਰੀਆਂ ਨੂੰ ਉਮਰ ਦੀ ਉਪਰਲੀ ਸੀਮਾਂ ਵਿੱਚ ਛੋਟ ਲੈਣ ਲਈ ਆਪਣੇ ਵਿਭਾਗ ਤੋਂ NOC ਲੈ ਕੇ ਕਾਉਂਸਲਿੰਗ ਸਮੇਂ ਪੇਸ਼ ਕਰਨਾ ਪਵੇਗਾ।**

**9. ਫੀਸ ਦਾ ਵੇਰਵਾ:**

| | | |
|---|---|---|
| ਆਮ ਵਰਗ (General Category)/ਸੁਤੰਤਰਤਾ ਸੰਗਰਾਮੀ/ਖਿਡਾਰੀ | - | 1000/- ਰੁਪਏ |
| ਐਸ.ਸੀ.(S.C)/ਬੀ.ਸੀ.(BC)/ਆਰਥਿਕ ਤੌਰ ਤੇ ਕਮਜ਼ੋਰ ਵਰਗ (EWS) | - | 250/- ਰੁਪਏ |
| ਸਾਬਕਾ ਫੌਜੀ ਅਤੇ ਆਸ਼ਰਿਤ (Ex-Servicemen & Dependent) | - | 200/- ਰੁਪਏ |
| ਦਿਵਿਆਂਗ (Physical Handicapped) | - | 500/- ਰੁਪਏ |

**ਨੋਟ:- ਉਮੀਦਵਾਰਾਂ ਦੁਆਰਾ ਅਦਾ ਕੀਤੀ ਫੀਸ ਕਿਸੇ ਵੀ ਸਥਿਤੀ ਵਿੱਚ ਵਾਪਸ ਨਹੀਂ ਕੀਤੀ ਜਾਏਗੀ।**

**10. ਚੋਣ ਵਿਧੀ:**

(i) ਪ੍ਰਕਾਸ਼ਿਤ ਕੀਤੀਆਂ ਅਸਾਮੀਆਂ ਲਈ ਸਫਲਤਾਪੂਰਵ ਬਿਨੈ ਕਰਨ ਵਾਲੇ ਉਮੀਦਵਾਰਾਂ ਦੀ Objective type {Multiple Choice Question(MCQ)} ਲਿਖਤੀ ਪ੍ਰੀਖਿਆ ਲਈ ਜਾਵੇਗੀ।

(ii) ਯੋਗ ਉਮੀਦਵਾਰਾਂ ਦੀ ਚੋਣ ਕਰਨ ਲਈ ਲਿਖਤੀ ਪ੍ਰੀਖਿਆ ਵਿੱਚੋਂ ਪ੍ਰਾਪਤ ਅੰਕਾਂ ਦੇ ਆਧਾਰ ਤੇ ਹੀ ਸਾਂਝੀ ਮੈਰਿਟ ਸੂਚੀ (Common Merit List) ਤਿਆਰ ਕੀਤੀ ਜਾਵੇਗੀ।

(iii) ਉਪਰੋਕਤ ਦਰਸਾਈਆਂ ਅਸਾਮੀਆਂ ਵਾਸਤੇ ਵਿਚਾਰੇ ਜਾਣ ਲਈ ਹਰ ਸ਼੍ਰੇਣੀ ਦੇ ਉਮੀਦਵਾਰ ਲਈ Objective type (MCQ) ਲਿਖਤੀ ਪ੍ਰੀਖਿਆ ਵਿੱਚੋਂ ਘੱਟ ਤੋਂ ਘੱਟ 40% (40 ਪ੍ਰਤੀਸ਼ਤ) ਅੰਕ ਪ੍ਰਾਪਤ ਕਰਨੇ ਜ਼ਰੂਰੀ ਹਨ। Objective type ਲਿਖਤੀ ਪ੍ਰੀਖਿਆ ਵਿੱਚ 40% (40 ਪ੍ਰਤੀਸ਼ਤ) ਅੰਕਾਂ ਤੋਂ ਘੱਟ ਅੰਕ ਪ੍ਰਾਪਤ ਕਰਨ ਵਾਲੇ ਉਮੀਦਵਾਰ ਨੂੰ ਅਯੋਗ/ਫੇਲ ਕਰਾਰ ਦਿੰਦੇ ਹੋਏ ਉਪਰੋਕਤ ਅਸਾਮੀਆਂ ਲਈ ਚੋਣ ਵਾਸਤੇਂ ਕਿਸੇ ਵੀ ਸਥਿਤੀ ਵਿੱਚ ਵਿਚਾਰਿਆ ਨਹੀਂ ਜਾਵੇਗਾ।

(iv) Covid-19 ਦੀ ਮਹਾਂਮਾਰੀ ਦੇ ਮੱਦੇਨਜ਼ਰ ਜੇਕਰ ਇਨ੍ਹਾਂ ਅਸਾਮੀਆਂ ਵਿਰੁੱਧ ਅਪਲਾਈ ਕਰਨ ਵਾਲੇ ਉਮੀਦਵਾਰ ਦੀ ਗਿਣਤੀ ਵਿੱਚ ਬਹੁਤਾਤ ਪਾਈ ਜਾਂਦੀ ਹੈ ਤਾਂ ਬੋਰਡ ਵੱਲੋਂ ਇਹ ਪ੍ਰੀਖਿਆ multiple shifts ਵਿੱਚ ਆਯੋਜਿਤ ਵੀ ਕਰਵਾਈ ਜਾ ਸਕਦੀ ਹੈ ਅਤੇ ਜੇਕਰ ਬੋਰਡ ਵੱਲੋਂ Multi Shifts ਵਿੱਚ ਲਿਖਤੀ ਪ੍ਰੀਖਿਆ ਕਰਵਾਈ ਜਾਂਦੀ ਹੈ ਤਾਂ ਲਿਖਤੀ ਪ੍ਰੀਖਿਆ ਵਿੱਚ ਪ੍ਰਾਪਤ ਅੰਕਾਂ ਦੇ ਅਧਾਰ ਤੇ ਅੰਤਿਮ ਮੈਰਿਟ Staff Selection Commission, Government of India ਵੱਲੋਂ ਅਪਣਾਏ ਗਏ Normalization ਦੇ ਹੇਠ ਲਿਖੇ formula ਮੁਤਾਬਿਕ calculate ਕੀਤੀ ਜਾਵੇਗੀ:

$$\hat{M}_{ij} = \frac{\overline{M}_t^g - M_q^g}{\overline{M}_{ti} - M_{iq}} (M_{ij} - M_{iq}) + M_q^{gm}$$

Where:

$\hat{M}_{ij}$ = Normalized marks of j^th^ candidate in the i^th^ shift.

$\overline{M}_t^g$ = is the average marks of the top 0.1% of the candidates considering all shifts(number of candidates will be rounded-up).

$M_q^g$ = is the sum of mean and standard deviation marks of the candidates in the examination considering all shifts.

$\overline{M}_{ti}$ = is the average marks of the top 0.1% of the candidates in the i^th^ shift (number of candidates will be rounded-up).

$M_{iq}$ = is the sum of mean marks and standard deviation of the i^th^ shift.

$M_{ij}$ = is the actual marks obtained by the j^th^ candidate in i^th^ shift.

$M_q^{gm}$ = is the sum of mean marks of candidates in the shift having maximum mean and standard deviation of marks of candidates in the examination considering all shifts.

Calculation of marks will be done up to 5 decimal places.

(v) ਲਿਖਤੀ ਪ੍ਰੀਖਿਆ ਵਿੱਚ ਜੇਕਰ ਮੈਰਿਟ ਦੀ ਬਰਾਬਰਤਾ ਸਬੰਧੀ ਕੋਈ ਮਾਮਲਾ ਸਾਹਮਣੇ ਆਉਂਦਾ ਹੈ ਤਾਂ ਇਸ ਸਬੰਧੀ ਬਰਾਬਰ ਅੰਕ ਹਾਸਿਲ ਉਮੀਦਵਾਰਾਂ ਦੀ ਜਨਮ ਮਿਤੀ ਨੂੰ ਵਿਚਾਰਿਆ ਜਾਵੇਗਾ ਅਤੇ ਵੱਧ ਉਮਰ ਵਾਲੇ ਉਮੀਦਵਾਰ ਦੀ ਮੈਰਿਟ ਉਪਰ ਮੰਨੀ ਜਾਵੇਗੀ। ਜੇਕਰ ਬਰਾਬਰ ਮੈਰਿਟ ਹਾਸਿਲ ਉਮੀਦਵਾਰਾਂ ਦੀ ਜਨਮ ਮਿਤੀ ਮੁਤਾਬਿਕ ਉਮਰ ਵਿੱਚ ਵੀ ਬਰਾਬਰਤਾ ਪਾਈ ਜਾਂਦੀ ਹੈ ਤਾਂ ਇਸ ਸਬੰਧੀ ਉਮੀਦਵਾਰ ਦੀ ਮੰਗੀ ਵਿੱਦਿਅਕ ਯੋਗਤਾ ਦੀ ਪ੍ਰਤੀਸ਼ਤਤਾ ਨੂੰ ਵਿਚਾਰਦੇ ਹੋਏ ਵੱਧ ਅੰਕ ਹਾਸਿਲ ਕਰਨ ਵਾਲੇ ਉਮੀਦਵਾਰ ਦੀ ਮੈਰਿਟ ਉਪਰ ਮੰਨੀ ਜਾਵੇਗੀ ਅਤੇ ਜੇਕਰ ਉਪਰੋਕਤ ਦੋਵੇ ਸਥਿਤੀਆਂ ਵਿੱਚ ਵੀ ਅੰਕਾਂ ਦੀ ਬਰਾਬਰਤਾ ਦਾ ਵਿਵਾਦ ਨਹੀਂ ਸੁਲਝਦਾ ਤਾਂ ਅੰਤ ਵਿੱਚ ਮੈਟ੍ਰਿਕ ਦੇ ਅੰਕਾਂ ਨੂੰ ਵਿਚਾਰਦੇ ਹੋਏ ਮੈਟ੍ਰਿਕ ਵਿੱਚ ਵੱਧ ਅੰਕ ਹਾਸਿਲ ਕਰਨ ਵਾਲੇ ਉਮੀਦਵਾਰ ਦੀ ਮੈਰਿਟ ਉਪਰ ਮੰਨੀ ਜਾਵੇਗੀ।

(vi) Objective type (MCQ) ਲਿਖਤੀ ਪ੍ਰੀਖਿਆ ਦੀ ਮੈਰਿਟ ਦੇ ਆਧਾਰ ਤੇ ਹੀ ਅਸਾਮੀਆਂ ਦਾ 3 ਗੁਣਾ ਜਾਂ ਬੋਰਡ ਵੱਲੋਂ ਲਏ ਗਏ ਫੈਸਲੇ ਅਨੁਸਾਰ ਉਮੀਦਵਾਰ ਨੂੰ ਹਰ ਤਰ੍ਹਾਂ ਦੇ ਦਸਤਾਵੇਜਾਂ ਦੀ ਪੜਤਾਲ/ਵੈਰੀਫਿਕੇਸ਼ਨ ਕਰਨ ਲਈ ਕਾਉਂਸਲਿੰਗ ਲਈ ਬੁਲਾਇਆ ਜਾਵੇਗਾ। ਕਾਉਂਸਲਿੰਗ ਉਪਰੰਤ ਮੁਕੰਮਲ ਤੌਰ ਤੇ ਸਫਲ/ਯੋਗ ਪਾਏ ਗਏ ਉਮੀਦਵਾਰਾਂ ਦੇ ਨਾਮ, ਅਸਾਮੀਆਂ ਦੀ ਉਸ ਸਮੇਂ ਦੀ ਮੌਜੂਦਾ ਗਿਣਤੀ (ਜੋ ਕਿ ਸਬੰਧਤ ਵਿਭਾਗ ਦੇ ਹੁਕਮਾਂ/ਹਦਾਇਤਾਂ ਅਨੁਸਾਰ ਭਰਤੀ ਪ੍ਰਕੀਰਿਆ ਦੌਰਾਨ ਕਿਸੇ ਵੀ ਸਮੇਂ ਘਟਾਈ ਜਾਂ ਵਧਾਈ ਜਾ ਸਕਦੀ ਹੈ) ਅਨੁਸਾਰ ਸਬੰਧਤ ਵਿਭਾਗ ਨੂੰ ਸਿਫਾਰਸ਼ ਕੀਤੇ ਜਾਣਗੇ।

(vii) ਕਾਉਂਸਲਿੰਗ ਲਈ ਬੁਲਾਏ ਗਏ ਉਮੀਦਵਾਰਾਂ ਨੂੰ ਉਨ੍ਹਾਂ ਦੀ ਯੋਗਤਾ/ਪਾਤਰਤਾ ਤੇ ਆਧਾਰ ਤੇ ਬਿਨੈ ਕਰਨ ਵਾਲੀ ਸ੍ਰੇਣੀ/ਅਸਾਮੀ ਕੋਡ ਵਿੱਚ ਹੀ ਵਿਚਾਰਿਆ ਜਾਵੇਗਾ।

**11. Objective type (MCQ) ਲਿਖਤੀ ਪ੍ਰੀਖਿਆ:**

ਹਰ ਪੱਖੋਂ ਮੁਕੰਮਲ ਆਨਲਾਈਨ ਪ੍ਰਤੀਬੇਨਤੀਆਂ ਪ੍ਰਾਪਤ ਹੋਣ ਤੋਂ ਬਾਅਦ ਉਮੀਦਵਾਰਾਂ ਨੂੰ ਲਿਖਤੀ ਪ੍ਰੀਖਿਆ ਲਈ ਬੋਰਡ ਦੀ ਵੈੱਬਸਾਈਟ ਤੇ ਹੀ Online Admit Card ਜਾਰੀ ਕੀਤੇ ਜਾਣਗੇ। ਲਿਖਤੀ ਪ੍ਰੀਖਿਆ ਦਾ ਸੰਭਾਵਤ ਸਿਲੇਬਸ ਅਤੇ ਪੈਟਰਨ (Pattern) ਬਾਅਦ ਵਿੱਚ ਬੋਰਡ ਦੀ ਵੈਬਸਾਈਟ ਤੇ ਅਪਲੋਡ ਕੀਤਾ ਜਾਵੇਗਾ। ਇਸ ਸਬੰਧੀ ਉਮੀਦਵਾਰ ਲਗਾਤਾਰ ਬੋਰਡ ਦੀ ਵੈੱਬਸਾਈਟ ਚੈੱਕ ਕਰਦੇ ਰਹਿਣ। Objective type ਲਿਖਤੀ ਪ੍ਰੀਖਿਆ ਸਬੰਧੀ ਹਰ ਤਰ੍ਹਾਂ ਦੀ ਜਾਣਕਾਰੀ ਜਿਵੇਂ ਕਿ ਪ੍ਰੀਖਿਆ ਦੀ ਮਿਤੀ ਅਤੇ ਪ੍ਰੀਖਿਆ ਕੇਂਦਰ ਆਦਿ ਸਿਰਫ ਬੋਰਡ ਦੀ ਵੈੱਬਸਾਈਟ *https://sssb.punjab.gov.in* ਤੇ ਹੀ ਅਪਲੋਡ (upload) ਕੀਤੇ ਜਾਣਗੇ। ਇਸ ਕਰਕੇ ਉਮੀਦਵਾਰਾਂ ਵਲੋਂ (Latest updates) ਲਈ ਬੋਰਡ ਦੀ ਵੈੱਬਸਾਈਟ ਲਾਜ਼ਮੀ ਤੌਰ ਤੇ ਚੈੱਕ ਕਰਦੇ ਰਹਿਣਾ ਹੋਵੇਗਾ। ਕਿਸੇ ਵੀ ਉਮੀਦਵਾਰ ਨਾਲ ਵਿਅਕਤੀਗਤ ਤੌਰ ਤੇ ਪੱਤਰ-ਵਿਹਾਰ ਨਹੀਂ ਕੀਤਾ ਜਾਵੇਗਾ।

**12. ਅਪਲਾਈ ਕਰਨ ਦੀ ਵਿਧੀ:**

(i) ਉਮੀਦਵਾਰ ਬੋਰਡ ਦੀ ਵੈੱਬਸਾਈਟ *https://sssb.punjab.gov.in* ਤੇ ਮੁਹੱਈਆ ਲਿੰਕ ਤੇ ਕਲਿਕ ਕਰਕੇ ਮਿਤੀ **21/05/2021** ਤੋਂ **15/06/2021** ਸ਼ਾਮ 5.00 ਵਜੇ ਤੱਕ ਕੇਵਲ ਆਨਲਾਈਨ ਹੀ ਅਪਲਾਈ ਕਰ ਸਕਦੇ ਹਨ। ਹੋਰ ਕਿਸੇ ਵੀ ਵਿਧੀ ਰਾਹੀਂ ਭੇਜੀ ਗਈ ਅਰਜ਼ੀ ਰੱਦ ਸਮਝੀ ਜਾਵੇਗੀ।

(ii) ਉਮੀਦਵਾਰ ਆਨਲਾਈਨ ਅਪਲਾਈ ਕਰਦੇ ਸਮੇਂ ਬੋਰਡ ਦੀ ਵੈੱਬਸਾਈਟ ਤੇ ਉਪਲਬਧ ਲਿੰਕ ਤੇ ਕਲਿੱਕ ਕਰਨ ਉਪਰੰਤ 'New Candidate Registration' ਤੇ ਕਲਿੱਕ ਕਰਨਗੇ, ਫਿਰ ਸਭ ਤੋਂ ਪਹਿਲਾਂ ਅਪਲਾਈ ਕਰਨ ਦੀਆਂ ਹਦਾਇਤਾਂ ਨੂੰ ਧਿਆਨਪੂਰਵਕ ਪੜ੍ਹਦੇ ਹੋਏ ਆਪਣੀ ਨਿੱਜੀ ਡਿਟੇਲ ਭਰਕੇ Save ਕਰਨਗੇ, ਜਿਸ ਨਾਲ User Name and Password ਜਨਰੇਟ ਹੋ ਜਾਵੇਗਾ, ਜੋ ਕਿ ਉਮੀਦਵਾਰ ਨੂੰ ਉਸ ਵੱਲੋਂ ਰਜਿਸਟਰਡ ਮੋਬਾਇਲ ਨੰ. ਅਤੇ ਈ-ਮੇਲ ਰਾਹੀਂ ਪ੍ਰਾਪਤ ਹੋਵੇਗਾ। ਇਸ

ਉਪਰੰਤ ਉਮੀਦਵਾਰ ਵੱਲੋਂ User Name and Password ਭਰਕੇ Login ਕਰਨਾ ਹੋਵੇਗਾ। Login ਕਰਨ ਉਪਰੰਤ ਹਦਾਇਤਾਂ ਨੂੰ ਪੜ੍ਹਦੇ ਹੋਏ ਉਮੀਦਵਾਰ ਵੱਲੋਂ 'Application' ਤੇ ਕਲਿਕ ਕਰਨ ਉਪਰੰਤ ਆਪਣੀ 'Basic Info' ਭਰੀ ਜਾਵੇ ਅਤੇ ਆਪਣੀ ਪਾਸਪੋਰਟ ਸਾਈਜ਼ ਫੋਟੋਗ੍ਰਾਫ, ਹਸਤਾਖ਼ਰ ਆਪਲੋਡ ਕਰਕੇ 'Save' ਕੀਤਾ ਜਾਵੇ। ਇਸ ਉਪਰੰਤ 'Academic Info' ਵਿੱਚ ਲੋੜੀਂਦੀ ਵਿੱਦਿਅਕ ਯੋਗਤਾ ਜਿਵੇਂ ਕਿ ਮੈਟਰਿਕ/ਦਸਵੀਂ ਦਾ ਜਨਮ ਮਿਤੀ ਵਾਲਾ ਸਰਟੀਫਿਕੇਟ, ਬਰਵੀਂ ਦਾ ਸਰਟੀਫਿਕੇਟ ਅਤੇ ਉਪਰੋਕਤ ਅਸਾਮੀਆਂ ਲਈ ਨਿਰਧਾਰਿਤ ਵਿੱਦਿਅਕ ਯੋਗਤਾ-ਗਰੈਜੂਏਸ਼ਨ (Education Qualification i.e. Graduation) ਦਾ ਵਿੱਦਿਅਕ ਯੋਗਤਾ ਦਾ ਸਰਟੀਫਿਕੇਟ ਸਕੈਨ ਕਰਕੇ ਅਪਲੋਡ ਕਰਨਗੇ। ਇਨ੍ਹਾਂ ਦਸਤਾਵੇਜਾਂ ਦੇ ਅਪਲੋਡ ਹੋਣ ਉਪਰੰਤ ਆਨਲਾਈਨ ਫਾਰਮ ਸਬਮਿਟ ਕਰਨ ਤੋਂ ਪਹਿਲਾਂ ਉਮੀਦਵਾਰ ਕਿਸੇ ਵੀ ਤਰ੍ਹਾਂ ਦੀ ਸੋਧ (ਮੋਬਾਇਲ ਨੰ. ਅਤੇ ਈ-ਮੇਲ ਨੂੰ ਛੱਡ ਕੇ) ਕਰ ਸਕਦੇ ਹਨ। ਇੱਕ ਵਾਰ ਆਨਲਾਈਨ ਫਾਰਮ ਸਬਮਿਟ ਹੋ ਜਾਣ ਉਪਰੰਤ ਉਮੀਦਵਾਰ ਉਸ ਵਿੱਚ ਕਿਸੇ ਵੀ ਤਰ੍ਹਾਂ ਦੀ ਸੋਧ/ਤਬਦੀਲੀ ਨਹੀਂ ਕਰ ਸਕੇਗਾ ਅਤੇ ਮੁਕੰਮਲ Online Application form submit ਹੋਣ ਉਪਰੰਤ ਹੀ ਫੀਸ ਜਮ੍ਹਾ/ਅਦਾ ਕੀਤੀ ਜਾ ਸਕੇਗੀ।

**ਨੋਟ:- ਫੀਸ ਭਰਨ ਲਈ ਉਮੀਦਵਾਰ ਨੂੰ Login ਕਰਨ ਉਪਰੰਤ "Application" ਤੇ ਕਲਿੱਕ ਕਰਕੇ "Make payment/Download Application Form" ਲਿੰਕ ਤੇ ਕਲਿਕ ਕਰਨਾ ਹੋਵੇਗਾ। ਇਸ ਉਪਰੰਤ "Pay Fee" ਤੇ ਕਲਿਕ ਕਰਨਾ ਹੋਵੇਗਾ ਅਤੇ Bank ਦੇ ਲਿੰਕ ਤੇ Login ਕਰਨ ਲਈ Application Number ਭਰਨਾ ਹੋਵੇਗਾ ਜੋਕਿ ਉਮੀਦਾਵਾਰ ਦਾ User Name ਹੋਵੇਗਾ ਅਤੇ ਪਾਸਵਰਡ ਦੇ ਤੌਰ ਤੇ ਉਸਦੀ ਜਨਮ ਮਿਤੀ ਹੋਵੇਗੀ ਜੋ ਕਿ DDMMYYYY ਫਾਰਮੈਟ ਵਿੱਚ ਭਰਨੀ ਹੋਵੇਗੀ।**

(iii) ਉਮੀਦਵਾਰ Onine Application form submit/ਜਮ੍ਹਾਂ ਹੋਣ ਦੀ ਮਿਤੀ ਤੋਂ ਬਾਅਦ ਇੱਕ ਦਿਨ ਛੱਡ ਕੇ ਅਗਲੀ ਮਿਤੀ ਤੋਂ ਫੀਸ ਅਦਾ ਕਰਨ ਦੀ ਆਖਰੀ ਮਿਤੀ **18/06/2021** ਤੱਕ Net Banking, Credit Card, Debit Card, Rupay Card, PhonePay, Google Pay, Paytm ਜਾਂ ਕਿਸੇ ਵੀ ਕੰਮ-ਕਾਜ ਵਾਲੇ ਦਿਨ ਸਟੇਟ ਬੈਂਕ ਆਫ ਇੰਡੀਆ (State Bank of India) ਦੀ ਕਿਸੇ ਵੀ ਸ਼ਾਖਾ ਵਿੱਚ Bank Challan ਰਾਹੀਂ ਫੀਸ ਜਮ੍ਹਾਂ ਕਰਵਾ ਸਕਣਗੇ। ਜੇਕਰ ਕਿਸੇ ਕਾਰਨ ਉਮੀਦਵਾਰ ਦੀ ਆਨਲਾਈਨ ਫੀਸ ਜਮ੍ਹਾਂ ਨਹੀਂ ਹੋ ਪਾਂਦੀ ਤਾਂ ਉਸ ਦੀ ਅਰਜੀ ਰੱਦ ਸਮਝੀ ਜਾਵੇਗੀ ਅਤੇ ਫੀਸ ਆਖਰੀ ਮਿਤੀ **18/06/2021** ਤੱਕ ਜਮ੍ਹਾਂ ਨਾ ਹੋਣ ਦੀ ਸੂਰਤ ਵਿੱਚ ਅਧੀਨ ਸੇਵਾਵਾਂ ਚੋਣ ਬੋਰਡ ਦੀ ਕੋਈ ਵੀ ਜ਼ਿੰਮੇਵਾਰੀ ਨਹੀਂ ਹੋਵੇਗੀ।

(iv) ਉਮੀਦਵਾਰ ਦੁਆਰਾ ਲੋੜੀਂਦੀ ਫੀਸ ਜਮ੍ਹਾਂ ਕਰਵਾਉਣ ਉਪਰੰਤ ਹੀ Online ਅਪਲਾਈ ਕਰਨ ਦੀ ਪ੍ਰਕਿਰਿਆ ਮੁਕੰਮਲ ਹੋ ਸਕੇਗੀ ਅਤੇ Online Application form ਸਵੀਕਾਰ ਕੀਤਾ ਜਾਵੇਗਾ। ਇਸ ਉਪਰੰਤ ਹੀ ਫੀਸ ਅਦਾ ਕਰਨ ਦੀ ਮਿਤੀ ਤੋਂ ਬਾਅਦ ਦੋ ਦਿਨ ਛੱਡ ਕੇ ਅਗਲੀ ਮਿਤੀ ਤੋਂ Online Application form generate/download ਹੋ ਸਕੇਗਾ। ਉਮੀਦਵਾਰ ਇਸ ਫਾਰਮ ਦਾ ਪ੍ਰਿੰਟ ਲੈ ਕੇ ਭਵਿੱਖ ਲਈ ਸੰਭਾਲ ਕੇ ਰੱਖਣ ਲਈ ਜ਼ਿੰਮਵਾਰ ਹੋਣਗੇ।

(v) ਜੇਕਰ ਉਮੀਦਵਾਰ ਵੱਲੋਂ ਆਨਲਾਈਨ ਫਾਰਮ ਭਰਨ ਸਮੇਂ ਕੋਈ ਗਲਤੀ ਹੋ ਜਾਂਦੀ ਹੈ ਤਾਂ ਸਿਰਫ਼ Application form online submit ਕਰਨ ਤੋਂ ਪਹਿਲਾਂ ਹੀ ਉਸ ਪਾਸ ਫਾਰਮ ਵਿੱਚ ਸੋਧ ਕਰਨ ਦਾ ਮੌਕਾ ਹੋਵੇਗਾ। ਉਮੀਦਵਾਰ ਦੁਆਰਾ ਇੱਕ ਵਾਰ Online Application form ਸਬਮਿਟ ਕਰਨ ਉਪਰੰਤ ਕਿਸੇ ਵੀ ਹਾਲਤ ਵਿੱਚ, ਇਸ ਵਿੱਚ, ਕਿਸੇ ਵੀ ਤਰ੍ਹਾਂ ਦੀ ਸੋਧ ਨਹੀਂ ਕੀਤੀ ਜਾ ਸਕੇਗੀ ਅਤੇ ਨਾ ਹੀ ਭਵਿੱਖ ਵਿੱਚ ਸੋਧ ਕਰਨ ਸਬੰਧੀ ਉਮੀਦਵਾਰ ਦੀ ਕੋਈ ਪ੍ਰਤੀਬੇਨਤੀ/ਮੰਗ ਦਫ਼ਤਰ ਵੱਲੋਂ ਸਵੀਕਾਰ ਕੀਤੀ ਜਾਵੇਗੀ।

(vi) ਕਿਸੇ ਵੀ ਉਮੀਦਵਾਰ ਨੂੰ ਫੀਸ ਦੀ ਮੁਆਫੀ/ਛੋਟ ਨਹੀਂ ਦਿੱਤੀ ਜਾਵੇਗੀ ਅਤੇ ਫੀਸ ਦਾ ਭੁਗਤਾਨ ਨਾ ਕਰਨ ਦੀ ਹਾਲਤ ਵਿੱਚ ਉਸਦਾ Application form ਅਧੂਰਾ ਸਮਝਦੇ ਹੋਏ ਸਵੀਕਾਰ ਨਹੀਂ ਕੀਤਾ ਜਾਵੇਗਾ ਅਤੇ ਉਸਦੀ ਅਰਜੀ/ਪਾਤਰਤਾ ਮੁੱਢ ਤੋਂ ਹੀ ਰੱਦ ਸਮਝੀ ਜਾਵੇਗੀ।

(vii) ਕਿਸੇ ਹੋਰ ਵਿਧੀ ਰਾਹੀਂ ਭੇਜੀ ਗਈ ਅਰਜੀ ਜਾਂ ਕਿਸੇ ਹੋਰ ਵਿਧੀ ਰਾਹੀਂ ਜਮ੍ਹਾਂ ਕਰਵਾਈ ਗਈ ਫੀਸ ਨੂੰ ਵੈਲਿਡ (Valid) ਨਹੀਂ ਮੰਨਿਆ ਜਾਵੇਗਾ ਅਤੇ ਅਜਿਹੀ ਅਰਜੀ ਨੂੰ ਸਵੀਕਾਰ ਨਾ ਕਰਦੇ ਹੋਏ ਰੱਦ ਕਰ ਦਿੱਤਾ ਜਾਵੇਗਾ।

(viii) Net Banking/Credit Card/Debit Card ਜਾਂ ਉਪਰੋਕਤ ਦਰਸਾਈ ਕਿਸੇ ਵੀ ਵਿਧੀ ਰਾਹੀਂ ਅਦਾ ਕੀਤੀ ਗਈ ਫੀਸ, ਕਿਸੇ ਵੀ ਕਾਰਨ ਕਰਕੇ, ਅਸਫਲ ਹੋਣ ਦੀ ਸਥਿਤੀ ਵਿੱਚ ਉਮੀਦਵਾਰ ਦੀ Application ਪ੍ਰਵਾਨ ਨਹੀਂ ਕੀਤੀ ਜਾਵੇਗੀ।

**13. ਉਮੀਦਵਾਰ ਨੂੰ ਅਯੋਗ ਕਰਾਰ ਦੇਣ ਜਾਂ ਪਾਤਰਤਾ ਰੱਦ ਕਰਨ ਦੀਆਂ ਸ਼ਰਤਾਂ:**

ਹੇਠ ਦਰਸਾਏ ਕਿਸੇ ਵੀ ਸਥਿਤੀ ਵਿੱਚ ਉਮੀਦਵਾਰ ਨੂੰ ਅਯੋਗ ਕਰਾਰ ਦਿੰਦੇ ਹੋਏ ਉਸਦੀ ਪਾਤਰਤਾ ਰੱਦ ਕਰ ਦਿੱਤੀ ਜਾਵੇਗੀ:-

(i) ਪੂਰੀ ਫੀਸ ਪ੍ਰਾਪਤ ਨਾ ਹੋਣ ਜਾਂ ਨਿਰਧਾਰਤ ਵਿਧੀ ਅਨੁਸਾਰ ਫੀਸ ਜਮ੍ਹਾਂ ਨਾ ਕਰਵਾਉਣ;

(ii) ਬਿਨੈ-ਪੱਤਰ ਵਿੱਚ ਅਧੂਰੀ ਜਾਂ ਗਲਤ ਸੂਚਨਾ ਭਰਨਾ;

(iii) ਆਨਲਾਈਨ ਬਿਨੈ ਕਰਨ ਦੀ ਪੂਰੀ ਪ੍ਰਕਿਰਿਆ ਮੁਕੰਮਲ ਨਾ ਕਰਨਾ;

(iv) ਅਧੀਨ ਸੇਵਾਵਾਂ ਚੋਣ ਬੋਰਡ ਜਾਂ ਕਿਸੇ ਹੋਰ ਸੰਸਥਾ ਵੱਲੋਂ ਅਯੋਗ ਕਰਾਰ ਦਿੱਤਾ ਹੋਣਾ;

(v) ਲੋੜੀਂਦੀ ਵਿੱਦਿਅਕ ਯੋਗਤਾ, ਉਮਰ, ਰਾਖਵਾਂਕਰਨ ਜਾਂ ਭਰਤੀ ਦੀਆਂ ਹੋਰ ਸ਼ਰਤਾਂ ਪੂਰੀਆਂ ਨਾ ਹੋਣਾ;

(vi) ਆਨਲਾਈਨ ਬਿਨੈ ਕਰਨ ਦੀ ਪ੍ਰਕਿਰਿਆ ਦੀ ਥਾਂ ਕਿਸੇ ਹੋਰ ਪ੍ਰਕਿਰਿਆ ਰਾਹੀਂ ਬਿਨੈ ਕਰਨਾ;

(vii) ਲਿਖਤੀ ਪ੍ਰੀਖਿਆ ਵਿੱਚ 40% (40 ਪ੍ਰਤੀਸ਼ਤ) ਅੰਕਾਂ ਤੋਂ ਘੱਟ ਅੰਕ ਪ੍ਰਾਪਤ ਕਰਨ ਵਾਲੇ ਉਮੀਦਵਾਰ ਨੂੰ ਅਯੋਗ/ਫੇਲ ਕਰਾਰ ਦਿੰਦੇ ਹੋਏ ਉਪਰੋਕਤ ਅਸਾਮੀਆਂ ਲਈ ਚੋਣ ਵਾਸਤੇ ਵਿਚਾਰਿਆ ਨਹੀਂ ਜਾਵੇਗਾ।

**14. ਬਿਨੈਕਾਰਾਂ ਦੇ ਧਿਆਨ ਹਿੱਤ ਅਤਿ ਜ਼ਰੂਰੀ ਹਦਾਇਤਾਂ:**

(i) ਉਮੀਦਵਾਰਾਂ ਵੱਲੋਂ ਹਾਸਲ ਕੀਤਾ ਗਿਆ ਡਿਗਰੀ ਸਰਟੀਫਿਕੇਟ ਯੂ.ਜੀ.ਸੀ. ਦੁਆਰਾ ਸਮੇਂ-ਸਮੇਂ ਤੇ ਜਾਰੀ guidelines/instructions ਅਨੁਸਾਰ ਮਾਨਤਾ ਪ੍ਰਾਪਤ ਸੰਸਥਾ/ਯੂਨੀਵਰਸਿਟੀ ਤੋਂ ਜਾਰੀ ਕੀਤਾ ਹੋਣ ਲਾਜ਼ਮੀ ਹੈ।

(ii) ਉਪਰੋਕਤ ਦਰਸਾਈਆਂ ਅਸਾਮੀਆਂ ਲਈ Punjab Civil Services (General and Common Conditions of Service) Rules, 1994 ਵਿੱਚ ਕੀਤੇ ਉਪਬੰਧ ਅਨੁਸਾਰ ਦਸਵੀਂ ਪੱਧਰ ਦੀ ਪੰਜਾਬੀ ਪਾਸ ਕੀਤੀ ਹੋਵੇ।

(iii) ਮੁੱਢਲੀ ਤਨਖਾਹ ਅਤੇ ਹੋਰ ਭੱਤਿਆਂ ਸਬੰਧੀ ਵਿੱਤ ਵਿਭਾਗ (ਵਿੱਤ ਪ੍ਰਸੋਨਲ-1 ਸ਼ਾਖਾ), ਪੰਜਾਬ ਸਰਕਾਰ ਦਾ ਪੱਤਰ ਨੰ. 7/204/2012-4ਐਫ.ਪੀ.1/66 ਮਿਤੀ 15.01.2015 ਅਤੇ ਇਸ ਸਬੰਧੀ ਸਮੇਂ-ਸਮੇਂ ਤੇ ਜਾਰੀ ਹੋਰ ਹਦਾਇਤਾਂ ਲਾਗੂ ਹੋਣਗੀਆਂ।

(iv) ਉਪਰੋਕਤ ਦਰਸਾਏ ਵਿਭਾਗਾਂ ਦੀਆਂ ਅਸਾਮੀਆਂ ਦੀ ਗਿਣਤੀ ਬੋਰਡ ਵੱਲੋਂ ਕਿਸੇ ਵੀ ਸਮੇਂ ਘਟਾਈ ਜਾਂ ਵਧਾਈ ਜਾ ਸਕਦੀ ਹੈ।

(v) ਇਨ੍ਹਾਂ ਅਸਾਮੀਆਂ ਦੀ ਕੈਟਗਾਰੀ ਵਾਈਜ਼ ਵੰਡ ਅਤੇ ਰਾਖਵਾਂਕਰਨ ਉਪਰੋਕਤ ਦਰਸਾਏ ਸਬੰਧਤ ਵਿਭਾਗ ਵੱਲੋਂ ਨਿਰਧਾਰਤ ਕੀਤਾ ਗਿਆ ਹੈ। ਇਨ੍ਹਾਂ ਅਸਾਮੀਆਂ ਲਈ ਹਰ ਸ਼੍ਰੇਣੀ ਲਈ ਰਾਖਵਾਂਕਰਨ ਪੰਜਾਬ ਸਰਕਾਰ ਦੀਆਂ, ਰਾਖਵਾਂਕਰਨ ਸਬੰਧੀ ਨੀਤੀ/ਹਦਾਇਤਾਂ/ਨਿਯਮਾਂ ਅਨੁਸਾਰ ਲਾਗੂ ਹੋਵੇਗਾ। Economic weaker Sections ਲਈ ਰਾਖਵਾਂਕਰਨ ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀ ਵਿਭਾਗ, ਪੰਜਾਬ ਦੇ ਪੱਤਰ ਨੰ.01/03/2019-ਆਰ.ਸੀ.1/120 ਮਿਤੀ 28 ਮਈ, 2019 ਰਾਹੀਂ ਜਾਰੀ ਹਦਾਇਤਾਂ ਅਤੇ ਇਸਨੂੰ ਲਾਗੂ ਕਰਨ ਸਬੰਧੀ ਭਵਿੱਖ ਵਿੱਚ ਸਮੇਂ ਸਮੇਂ ਤੇ ਹੋਰ ਵੀ ਜਾਰੀ ਕੀਤੀਆਂ ਗਈਆਂ ਹਦਾਇਤਾਂ/ਨਿਯਮਾਂ ਦੇ ਅਨੁਸਾਰ ਲਾਗੂ ਹੋਵੇਗਾ।

(vi) ਇਨ੍ਹਾਂ ਅਸਾਮੀਆਂ ਲਈ ਉਮੀਦਵਾਰ ਕੇਵਲ ਬੋਰਡ ਦੀ ਵੈੱਬਸਾਈਟ *https://sssb.punjab.gov.in* ਤੇ ਹੀ ਆਨਲਾਈਨ ਅਪਲਾਈ ਕਰ ਸਕਦੇ ਹਨ। ਇਸ ਤੋਂ ਬਿਨ੍ਹਾਂ ਕਿਸੇ ਵੀ ਵਿਧੀ ਰਾਹੀਂ ਭੇਜੀ ਗਈ ਅਰਜੀ ਰੱਦ ਸਮਝੀ ਜਾਵੇਗੀ।

(viii) ਆਨਲਾਈਨ ਫਾਰਮ ਭਰਨ ਸਮੇਂ ਹੋਈ ਕਿਸੇ ਵੀ ਗਲਤੀ ਲਈ ਉਮੀਦਵਾਰ ਖੁਦ ਜ਼ਿੰਮੇਵਾਰ ਹੋਵੇਗਾ। ਅਧੀਨ ਸੇਵਾਵਾਂ ਚੋਣ ਬੋਰਡ, ਪੰਜਾਬ ਦੀ ਇਸ ਸਬੰਧੀ ਕੋਈ ਜ਼ਿੰਮੇਵਾਰੀ ਨਹੀਂ ਹੋਵਗੀ ਅਤੇ ਨਾ ਹੀ ਕਿਸੇ ਵੀ ਕਾਲਮ ਵਿੱਚ ਸੋਧ ਕੀਤੀ ਜਾਵੇਗੀ। ਉਮੀਦਵਾਰ ਵਲੋਂ ਇੱਕ ਵਾਰ ਭਰਿਆ ਗਿਆ ਡਾਟਾ ਕਿਸੇ ਵੀ ਹਾਲਤ ਵਿੱਚ ਬਦਲਣ ਦੀ ਆਗਿਆ ਨਹੀਂ ਹੋਵੇਗੀ।

(ix) ਉਮੀਦਵਾਰ ਨੂੰ ਇਹ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਇਨ੍ਹਾਂ ਅਸਾਮੀਆਂ ਲਈ ਖੁਦ ਆਨਲਾਈਨ ਅਪਲਾਈ ਕਰਨ। ਉਮੀਦਵਾਰ ਵੱਲੋਂ ਫਾਰਮ ਭਰਨ ਲਈ ਕਿਸੇ ਹੋਰ ਵਿਅਕਤੀ/ਸਾਈਬਰ ਕੈਫੇ ਅਟੈਂਡੈਂਟ ਦੀ ਮੱਦਦ ਲੈਣ ਦੀ ਸਥਿਤੀ ਵਿੱਚ ਕੋਈ ਵੀ ਗਲਤੀ ਹੋ ਜਾਣ ਉਪਰੰਤ ਕਿਸੇ ਵੀ ਹਾਲਤ ਵਿੱਚ ਫਾਰਮ ਦੇ ਕਿਸੇ ਵੀ ਕਾਲਮ ਵਿੱਚ ਸੋਧ ਨਹੀਂ ਕੀਤੀ ਜਾਵੇਗੀ।

(x) ਉਮੀਦਵਾਰ ਵੱਲੋਂ ਅਧੂਰਾ ਫਾਰਮ ਭਰਨ ਜਾਂ ਆਨਲਾਈਨ ਬਿਨੈ ਕਰਨ ਦੀ ਪ੍ਰਕਿਰਿਆ ਪੂਰੀ ਨਾ ਕਰਨ ਜਾਂ ਪੂਰੀ ਫੀਸ ਨਾ ਭਰ ਸਕਣ ਜਾਂ ਲੋੜੀਂਦੇ ਦਸਤਾਵੇਜ਼ ਅਪਲੋਡ ਨਾ ਕਰਨ ਦੀ ਸਥਿਤੀ ਵਿੱਚ ਉਸਦਾ ਬਿਨੈ-ਪੱਤਰ ਸਵੀਕਾਰ ਨਹੀਂ ਕੀਤਾ ਜਾਵੇਗਾ ਅਤੇ ਉਸਨੂੰ ਇਨ੍ਹਾਂ ਅਸਾਮੀਆਂ ਲਈ ਉਮੀਦਵਾਰ ਨਹੀਂ ਮੰਨਿਆ ਜਾਵੇਗਾ।

(xi) ਆਨਲਾਈਨ ਅਪਲਾਈ ਕਰਨ ਸਮੇਂ ਉਮੀਦਵਾਰ ਲੋੜੀਂਦੇ ਸਰਟੀਫਿਕੇਟ ਸਕੈਨ ਕਰਕੇ ਵੈੱਬਸਾਈਟ ਤੇ ਦਰਸਾਈਆਂ ਹਦਾਇਤਾਂ ਮੁਤਾਬਕ ਨਾਲ ਹੀ ਅਪਲੋਡ ਕਰਨਗੇ।

(xii) ਉਮੀਦਵਾਰਾਂ ਨੂੰ ਇਹ ਹਦਾਇਤ ਕੀਤੀ ਜਾਂਦੀ ਹੈ ਕਿ ਭਰਤੀ ਸਬੰਧੀ ਹਰ ਤਰ੍ਹਾਂ ਦੀ ਜਾਣਕਾਰੀ ਜਿਵੇਂ ਕਿ ਪ੍ਰੀਖਿਆ ਦੀ ਮਿਤੀ/ਸ਼ਡਿਊਲ, Admit Card, ਨਤੀਜਾ, Merit List ਜਾਂ ਭਰਤੀ ਪ੍ਰਕਿਰਿਆ ਸਬੰਧੀ ਭਵਿੱਖ ਵਿੱਚ ਸਮੇਂ-ਸਮੇਂ ਤੇ ਜਾਰੀ ਹੋਣ ਵਾਲੀ ਜਾਣਕਾਰੀ/ਨੋਟਿਸ/ਤਬਦੀਲੀ ਸਿਰਫ ਬੋਰਡ ਦੀ ਵੈੱਬਸਾਈਟ ਤੇ ਹੀ ਅਪਲੋਡ (upload) ਕੀਤੀ ਜਾਵੇਗੀ। ਇਸ ਸਬੰਧੀ ਉਮੀਦਵਾਰਾਂ ਨੂੰ ਵੱਖਰੇ ਤੌਰ ਤੇ ਕੋਈ ਸੂਚਨਾ ਨਹੀਂ ਭੇਜੀ ਜਾਵੇਗੀ। ਸੋ ਜਦ ਤੱਕ ਭਰਤੀ ਪ੍ਰਕਿਰਿਆ ਮੁਕੰਮਲ ਨਹੀਂ ਹੋ ਜਾਂਦੀ ਤਦ ਤੱਕ ਉਮੀਦਵਾਰਾਂ ਨੂੰ Updates ਲਈ ਬੋਰਡ ਦੀ ਵੈੱਬਸਾਈਟ ਲਾਜ਼ਮੀ ਤੌਰ ਤੇ ਚੈੱਕ ਕਰਦੇ ਰਹਿਣਾ ਹੋਵੇਗਾ। ਅਜਿਹਾ ਨਾ ਕਰਨ ਦੀ ਸਥਿਤੀ ਵਿੱਚ ਉਮੀਦਵਾਰਾਂ ਨੂੰ ਹੋਣ ਵਾਲੇ ਕਿਸੇ ਵੀ ਨੁਕਸਾਨ ਦੀ ਜਿੰਮੇਵਾਰੀ ਅਧੀਨ ਸੇਵਾਵਾਂ ਚੋਣ ਬੋਰਡ ਦੀ ਨਹੀਂ ਹੋਵੇਗੀ ਅਤੇ ਨਾ ਹੀ ਇਸ ਸਬੰਧੀ ਕੋਈ ਸੁਣਵਾਈ ਦਾ ਮੌਕਾ ਦਿੱਤਾ ਜਾਵੇਗਾ।

(xiii) ਉਮੀਦਵਾਰ ਸ਼੍ਰੇਣੀ ਅਤੇ ਇਸਦੇ ਦੇ ਕੋਡ ਦਾ ਧਿਆਨ ਰੱਖਦੇ ਹੋਏ ਆਨਲਾਈਨ ਫਾਰਮ ਧਿਆਨ ਨਾਲ ਭਰਨ ਕਿਉਂਕਿ ਕਿਸੇ ਵੀ ਸਟੇਜ ਤੇ ਸ਼੍ਰੇਣੀ ਅਤੇ ਸ਼੍ਰੇਣੀ-ਕੋਡ ਤਬਦੀਲ ਨਹੀਂ ਕੀਤਾ ਜਾ ਸਕੇਗਾ।

(xiv) ਵੱਖ-ਵੱਖ ਵਰਗਾਂ/ਸ਼੍ਰੇਣੀਆਂ ਦੀਆਂ ਅਸਾਮੀਆਂ ਉਸ ਵਰਗ/ਸ਼੍ਰੇਣੀ ਵਿੱਚ ਅਸਾਮੀਆਂ ਦੀ ਉਪਲੱਬਤਾ ਅਧੀਨ ਭਰੀਆਂ ਜਾਣਗੀਆਂ।

(xv) ਆਨਲਾਈਨ ਅਪਲਾਈ ਕਰਨ ਜਾਂ Objective type (MCQ) ਲਿਖਤੀ ਪੇਪਰ ਵਿੱਚ ਅਪੀਅਰ ਹੋਣ ਜਾਂ ਮੈਰਿਟ ਸੂਚੀ ਵਿੱਚ ਨਾਮ ਆਉਣ ਜਾਂ ਕਾਉਂਸਲਿੰਗ ਲਈ ਬੁਲਾਏ ਜਾਣ ਨਾਲ ਉਮੀਦਵਾਰ ਅਸਾਮੀ ਲਈ ਸਿਫਾਰਸ਼ ਹੋਣ ਦਾ ਅਧਿਕਾਰੀ ਨਹੀਂ ਬਣ ਜਾਵੇਗਾ। ਅਸਾਮੀਆਂ ਲਈ ਹਰ ਪੱਖੋਂ ਯੋਗ ਪਾਏ ਜਾਣ ਤੇ, ਅਤੇ ਅਸਾਮੀਆਂ ਦੀ ਉਪਲਬਧਤਾ ਮੁਤਾਬਕ ਹੀ ਉਮੀਦਵਾਰ ਦਾ ਨਾਮ ਸਬੰਧਤ ਵਿਭਾਗ ਨੂੰ ਸਿਫਾਰਸ਼ ਕੀਤਾ ਜਾਵੇਗਾ। ਤੈਅ ਸਮੇਂ-ਸੀਮਾ ਅੰਦਰ ਆਪਣੀ ਯੋਗਤਾ ਸਿੱਧ ਨਾ ਕਰ ਸਕਣ ਦੀ ਸਥਿਤੀ ਵਿੱਚ ਉਮੀਦਵਾਰ ਦੀ ਪਾਤਰਤਾ ਰੱਦ ਕਰ ਦਿੱਤੀ ਜਾਵੇਗੀ ਅਤੇ ਇਸ ਸਬੰਧੀ ਬੋਰਡ ਵੱਲੋਂ ਲਿਆ ਗਿਆ ਫੈਸਲਾ ਅੰਤਿਮ ਹੋਵੇਗਾ।

(xvi) ਉਮੀਦਵਾਰ ਵੱਲੋਂ ਭਰਤੀ ਦੀ ਕਿਸੇ ਵੀ ਸਟੇਜ ਤੇ ਉਪਲਬਧ ਕਰਵਾਏ ਗਏ ਕਿਸੇ ਵੀ ਦਸਤਾਵੇਜ ਦੇ ਗਲਤ ਸਾਬਤ ਹੋਣ ਤੇ ਉਸਦਾ ਨਾਮ ਮੈਰਿਟ ਸੂਚੀ ਵਿੱਚੋਂ ਕੱਢ ਦਿੱਤਾ ਜਾਵੇਗਾ ਅਤੇ ਉਸਦੀ ਪਾਤਰਤਾ ਰੱਦ ਕਰ ਦਿੱਤੀ ਜਾਵੇਗੀ। ਅਜਿਹੇ ਉਮੀਦਵਾਰ ਵਿਰੁੱਧ ਨਿਯਮਾਂ ਅਨੁਸਾਰ ਕਾਨੂੰਨੀ ਕਾਰਵਾਈ ਵੀ ਆਰੰਭੀ ਜਾ ਸਕਦੀ ਹੈ।

(xvii) ਉਮੀਦਵਾਰ ਇਹ ਵੀ ਤਸਦੀਕ ਕਰਨਗੇ ਕਿ ਉਹ ਉਪਰੋਕਤ ਅਸਾਮੀਆਂ ਸਬੰਧੀ ਲੋੜੀਂਦੀ ਯੋਗਤਾ ਅਤੇ ਨਿਰਧਾਰਤ ਸ਼ਰਤਾਂ ਪੂਰੀਆਂ ਕਰਦਾ ਹੈ। ਉਮੀਦਵਾਰ ਵੱਲੋਂ ਕਾਉਂਸਲਿੰਗ ਸਮੇਂ ਅਸਲ ਦਸਤਾਵੇਜ ਦੇ ਆਧਾਰ ਤੇ ਉਮਰ, ਵਿੱਦਿਅਕ ਯੋਗਤਾ ਅਤੇ ਲੋੜੀਂਦੇ ਦਸਤਾਵੇਜ ਸਬੰਧੀ ਤਸਦੀਕ ਕਰਨੀ ਹੋਵੇਗੀ ਅਤੇ ਆਪਣੇ ਰਾਖਵਾਂਕਰਨ ਦੇ ਸਰਟੀਫਿਕੇਟ ਵੀ ਪੇਸ਼ ਕਰਨੇ ਹੋਣਗੇ। ਇਨ੍ਹਾਂ ਦਸਤਾਵੇਜਾਂ ਦੇ ਹਰ ਪੱਖੋਂ ਸਹੀ ਸਿੱਧ ਹੋਣ ਅਤੇ ਲੋੜੀਂਦੀਆਂ ਸ਼ਰਤਾਂ/ਯੋਗਤਾਵਾਂ ਪੂਰੀਆਂ ਕਰਨ, ਉਸਦੀ ਪਾਤਰਤਾ ਸਿੱਧ ਹੋਣ

ਅਤੇ ਅਸਾਮੀਆਂ ਦੀ ਉਪਲਬਧਤਾ ਹੋਣ ਦੀ ਸਥਿਤੀ ਵਿੱਚ ਹੀ ਉਮੀਦਵਾਰ ਦਾ ਨਾਮ ਸਬੰਧਤ ਵਿਭਾਗ ਨੂੰ ਸਿਫਾਰਸ਼ ਕੀਤਾ ਜਾਵੇਗਾ।

(xviii) ਉਮੀਦਵਾਰ ਕਾਉਂਸਲਿੰਗ ਸਮੇਂ ਲੋੜੀਂਦੀ ਵਿੱਦਿਅਕ ਯੋਗਤਾ ਅਤੇ ਤਕਨੀਕੀ ਯੋਗਤਾ ਨਾਲ ਸਬੰਧਤ ਆਪਣੇ ਸਰਟੀਫਿਕੇਟ ਅਤੇ ਉਨ੍ਹਾਂ ਦੀਆਂ ਤਸਦੀਕਸ਼ੁਦਾ ਕਾਪੀਆਂ ਪੇਸ਼ ਕਰਨਗੇ। ਇਹ ਸਾਰੇ ਦਸਤਾਵੇਜ਼ ਅਪਲਾਈ ਕਰਨ ਦੀ ਮਿਤੀ ਤੋਂ ਪਹਿਲਾਂ ਦੇ ਹੋਣੇ ਚਾਹੀਦੇ ਹਨ। ਕਾਉਂਸਲਿੰਗ ਸਮੇਂ ਕਿਸੇ ਵੀ ਲੋੜੀਂਦੇ ਦਸਤਾਵੇਜ ਦੀ ਅਣਹੋਂਦ ਵਿੱਚ ਉਮੀਦਵਾਰ ਨੂੰ ਉਪਰੋਕਤ ਅਸਾਮੀਆਂ ਲਈ ਨਹੀਂ ਵਿਚਾਰਿਆ ਜਾਵੇਗਾ ਅਤੇ ਮੈਰਿਟ ਲਿਸਟ ਵਿੱਚ ਮੌਜੂਦ ਅਗਲੇ ਯੋਗ ਉਮੀਦਵਾਰ ਨੂੰ ਵਿਚਾਰਦੇ ਹੋਏ ਉਸਦਾ ਨਾਮ ਸਬੰਧਤ ਵਿਭਾਗ ਨੂੰ ਸਿਫਾਰਸ਼ ਕਰ ਦਿੱਤਾ ਜਾਵੇਗਾ।

(xix) ਯੋਗਤਾ ਦੀ ਬਰਾਬਰਤਾ ਵਿਵਾਦ ਦੇ ਮਾਮਲੇ ਵਿੱਚ ਅਧੀਨ ਸੇਵਾਵਾਂ ਚੋਣ ਬੋਰਡ ਦੁਆਰਾ ਲਿਆ ਗਿਆ ਫੈਸਲਾ ਅੰਤਿਮ ਹੋਵੇਗਾ ਅਤੇ ਇਹ ਸਭ ਉਮੀਦਵਾਰਾਂ ਤੇ ਲਾਗੂ ਹੋਵੇਗਾ।

(xx) ਲਿਖਤੀ ਪ੍ਰੀਖਿਆ/ਕਾਉਂਸਲਿੰਗ ਲਈ ਆਉਣ ਵਾਲੇ ਉਮੀਦਵਾਰਾਂ ਨੂੰ ਕੋਈ ਟੀ.ਏ./ਡੀ.ਏ. ਅਦਾ ਨਹੀਂ ਕੀਤਾ ਜਾਵੇਗਾ।

(xxi) ਉਮੀਦਵਾਰ ਦੁਆਰਾ ਇੱਕ ਵਾਰ ਅਦਾ ਕੀਤੀ ਫੀਸ ਬੋਰਡ/ਬੈਂਕ ਦੁਆਰਾ ਕਿਸੇ ਵੀ ਸਥਿਤੀ ਵਿੱਚ ਵਾਪਸ ਨਹੀਂ ਕੀਤੀ ਜਾਵੇਗੀ।

(xxii) ਇਸ ਭਰਤੀ ਸਬੰਧੀ ਬੋਰਡ ਦੁਆਰਾ ਭਵਿੱਖ ਵਿੱਚ ਜਾਰੀ ਕੀਤੀ ਕੋਈ ਵੀ ਸੋਧ/ਨੋਟਿਸ/Corrigendum ਇਸ ਭਰਤੀ ਤੇ ਲਾਗੂ ਹੋਵੇਗਾ ਅਤੇ ਉਮੀਦਵਾਰ ਇਸਦੀ ਪਾਲਣਾ ਕਰਨੀ ਯਕੀਨੀ ਬਣਾਉਣਗੇ।

(xxiii) ਇਸ ਭਰਤੀ ਸਬੰਧੀ ਕਿਸੇ ਵੀ ਤਰ੍ਹਾਂ ਦੀ ਤਬਦੀਲੀ/ਸੋਧ ਕਰਨ ਦਾ ਅਧਿਕਾਰ ਅਧੀਨ ਸੇਵਾਵਾਂ ਚੋਣ ਬੋਰਡ, ਪੰਜਾਬ ਪਾਸ ਰਾਖਵਾਂ ਹੋਵੇਗਾ ਅਤੇ ਕਿਸੇ ਵੀ ਮਾਮਲੇ/ਵਿਸ਼ੇ ਸਬੰਧੀ ਬੋਰਡ ਦੁਆਰਾ ਗਠਿਤ ਕੀਤੀ ਕਮੇਟੀ ਦਾ ਫੈਸਲਾ ਅੰਤਿਮ ਅਤੇ ਸਾਰੇ ਉਮੀਦਵਾਰਾਂ ਤੇ ਲਾਗੂ ਹੋਵੇਗਾ।

(xxiv) ਉਪਰੋਕਤ ਦਰਸਾਈਆਂ ਅਸਾਮੀਆਂ ਦੀਆਂ ਸ਼ਰਤਾਂ/ਨਿਯਮ/ਰਾਖਵਾਂਕਰਨ ਸਬੰਧਤ ਵਿਭਾਗ ਦੁਆਰਾ ਮੁਹੱਈਆ ਕਰਵਾਈ ਗਈ ਸੂਚਨਾ/ਜਾਣਕਾਰੀ ਤੇ ਅਧਾਰਿਤ ਹਨ। ਇਸ ਸਬੰਧੀ ਹਰ ਤਰ੍ਹਾਂ ਦੀ ਜਿੰਮੇਵਾਰੀ ਸਬੰਧਤ ਵਿਭਾਗਾਂ ਦੀ ਹੋਵੇਗੀ।

(xxv) ਇਨ੍ਹਾਂ ਅਸਾਮੀਆਂ ਲਈ ਆਨਲਾਈਨ ਬਿਨੈ (Online Apply) ਕਰਨ ਸਬੰਧੀ ਕੋਈ ਮੁਸ਼ਕਲ/ਔਕੜ ਆਉਣ ਤੇ email ਰਾਹੀਂ ehelpdesk4@gmail.com ਤੇ ਸੰਪਰਕ ਕੀਤਾ ਜਾ ਸਕਦਾ ਹੈ।

(xxvi) ਇਸ ਭਰਤੀ ਸਬੰਧੀ ਹੋਰ ਜਾਣਕਾਰੀ ਪ੍ਰਾਪਤ ਕਰਨ ਲਈ ਕਿਸੇ ਵੀ ਕੰਮ-ਕਾਜ ਵਾਲੇ ਦਿਨ 10.00 am ਤੋਂ 04.00 pm ਬੋਰਡ ਦੇ ਦਫਤਰੀ ਨੰ. 0172-2298000 (Extension No. 5106 and 5107) ਤੇ ਸੰਪਰਕ ਕੀਤਾ ਜਾ ਸਕਦਾ ਹੈ।

(xxvii) ਇਸ ਇਸ਼ਤਿਹਾਰ/ਭਰਤੀ ਸਬੰਧੀ ਜੇਕਰ ਕੋਈ ਤਰੁੱਟੀ ਧਿਆਨ ਵਿੱਚ ਆਉਂਦੀ ਹੈ ਤਾਂ ਉਸ ਨੂੰ ਸੁਧਾਰਨ ਦਾ ਹੱਕ ਬੋਰਡ ਕੋਲ ਰਾਖਵਾਂ ਹੋਵੇਗਾ।

ਸਹੀ/-

ਸਥਾਨ: ਐਸ.ਏ.ਐਸ. ਨਗਰ — ਸਕੱਤਰ

ਮਿਤੀ: 19.05.2021 — ਅਧੀਨ ਸੇਵਾਵਾਂ ਚੋਣ ਬੋਰਡ, ਪੰਜਾਬ